ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ    ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਸ਼ਨੀਵਾਰ 14 ਜੂਨ 2025 • ਸਾਲ 1 • ਅੰਕ 71 • ਪੰਨੇ 8 • Daily online PANJ AAB Newspaper • Germany & India • www.5aab.media





## ਤਬਾਹੀ ਦਾ ਦ੍ਰਿਸ਼ ਦੇਖ ਕੇ ਭਾਵੁਕ ਹੋਏ ਮੋਦੀ

# 'ਮੈਂ ਇਸ ਦਰਦ ਨੂੰ ਸ਼ਬਦਾਂ 'ਚ ਬਿਆਨ ਨਹੀਂ ਕਰ ਸਕਦਾ...'

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਅਹਿਮਦਾਬਾਦ ਸਿਵਲ ਹਸਪਤਾਲ ਦਾ ਦੌਰਾ ਕੀਤਾ। ਜਹਾਜ਼ ਹਾਦਸੇ ਵਿੱਚ ਜ਼ਖਮੀਆਂ ਦਾ ਇੱਥੇ ਇਲਾਜ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਜ਼ਖਮੀਆਂ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ, ਉਨ੍ਹਾਂ ਨੇ ਡਾਕਟਰਾਂ ਤੋਂ ਮਰੀਜ਼ਾਂ ਦੀ ਸਿਹਤ ਬਾਰੇ ਪੁੱਛਿਆ। ਪ੍ਰਧਾਨ ਮੰਤਰੀ ਮੋਦੀ ਨੇ ਹਸਪਤਾਲ ਦੇ ਸੀ7 ਵਾਰਡ ਦਾ ਵੀ ਦੌਰਾ ਕੀਤਾ, ਜਿੱਥੇ ਜ਼ਖਮੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ।



ਅਹਿਮਦਾਬਾਦ ਵਿੱਚ ਹੋਏ ਜਹਾਜ਼ ਹਾਦਸੇ ਤੋਂ ਅਸੀਂ ਸਾਰੇ ਹੈਰਾਨ ਹਾਂ। ਇੰਨੇ ਸਾਰੇ ਲੋਕਾਂ ਦੀ ਅਚਾਨਕ ਅਤੇ ਦਿਲ ਦਹਿਲਾ ਦੇਣ ਵਾਲੀ ਮੌਤ ਨੂੰ ਸ਼ਬਦ ਬਿਆਨ ਨਹੀਂ ਕਰ ਸਕਦੇ। ਸਾਰੇ ਸੋਗਗ੍ਰਸਤ ਪਰਿਵਾਰਾਂ ਪ੍ਰਤੀ ਸੰਵੇਦਨਾ। ਅਸੀਂ ਉਨ੍ਹਾਂ ਦੇ ਦਰਦ ਨੂੰ ਸਮਝਦੇ ਹਾਂ ਅਤੇ ਇਹ ਵੀ ਜਾਣਦੇ ਹਾਂ ਕਿ ਪਿੱਛੇ ਛੱਡਿਆ ਗਿਆ ਖਾਲੀਪਣ ਆਉਣ ਵਾਲੇ ਕਈ ਸਾਲਾਂ ਤੱਕ ਮਹਿਸੂਸ ਕੀਤਾ ਜਾਵੇਗਾ। ਓਮ ਸ਼ਾਂਤੀ। ਇਸ ਦੇ ਨਾਲ ਹੀ, ਪ੍ਰਧਾਨ ਮੰਤਰੀ ਨੇ ਇੱਕ ਹੋਰ ਪੋਸਟ ਵਿੱਚ ਲਿਖਿਆ, 'ਅੱਜ ਅਹਿਮਦਾਬਾਦ ਵਿੱਚ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ। ਤਬਾਹੀ ਦਾ ਦ੍ਰਿਸ਼ ਦੁਖਦਾਈ ਹੈ। ਘਟਨਾ ਤੋਂ ਬਾਅਦ ਅਣਥੱਕ ਮਿਹਨਤ ਕਰ ਰਹੇ ਅਧਿਕਾਰੀਆਂ ਅਤੇ ਟੀਮਾਂ ਨਾਲ ਮੁਲਾਕਾਤ ਕੀਤੀ। ਸਾਡੀ ਸੰਵੇਦਨਾ ਉਨ੍ਹਾਂ ਲੋਕਾਂ ਨਾਲ ਹੈ ਜਿਨ੍ਹਾਂ ਨੇ ਇਸ ਕਲਪਨਾਯੋਗ ਦੁਖਾਂਤ ਵਿੱਚ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ।' ਵੀਰਵਾਰ ਦੁਪਹਿਰ ਨੂੰ, ਅਹਿਮਦਾਬਾਦ ਹਵਾਈ ਅੱਡੇ ਤੋਂ ਲੰਡਨ ਜਾ ਰਿਹਾ ਏਅਰ ਇੰਡੀਆ ਦਾ ਬੋਇੰਗ 787 ਡ?ਰੀਮਲਾਈਨਰ (19 171) ਜਹਾਜ਼ ਉਡਾਣ ਭਰਨ ਤੋਂ ਕੁਝ ਮਿੰਟ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਜਹਾਜ਼ ਵਿੱਚ ਸਵਾਰ 241 ਲੋਕਾਂ ਦੀ ਮੌਤ ਹੋ ਗਈ। ਤੁਹਾਨੂੰ ਦੱਸ ਦੇਈਏ ਕਿ ਜਹਾਜ਼ ਬੀਜੇ ਮੈਡੀਕਲ ਕਾਲਜ ਹੋਸਟਲ ਨਾਲ ਟਕਰਾ ਗਿਆ ਸੀ। ਇਸ ਹੋਸਟਲ ਵਿੱਚ ਮੌਜੂਦ 20 ਲੋਕਾਂ ਦੀ ਵੀ ਜਾਨ ਚਲੀ ਗਈ।

### ਜਹਾਜ਼ ਹਾਦਸੇ 'ਚ ਬਚੇ ਵਿਸ਼ਵਾਸ ਕੁਮਾਰ ਰਮੇਸ਼ ਨੇ ਮੋਦੀ ਨੂੰ ਦੱਸਿਆ ਇਹ ਸੱਚ

## ਮੈਂ ਜਹਾਜ਼ ਤੋਂ ਛਾਲ ਨਹੀਂ ਮਾਰੀ ਸਗੋਂ ਸੀਟ ਸਮੇਤ ਜਹਾਜ਼ ਤੋਂ ਬਾਹਰ ਆਇਆ

**ਨਵੀਂ ਦਿੱਲੀ।** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ੁੱਕਰਵਾਰ ਨੂੰ ਸਿਵਲ ਹਸਪਤਾਲ ਵਿਖੇ ਜਹਾਜ਼ ਹਾਦਸੇ ਵਿੱਚ ਜ਼ਖਮੀ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਇਸ ਜਹਾਜ਼ ਹਾਦਸੇ ਵਿੱਚ ਬਚੇ ਇਕਲੌਤੇ ਯਾਤਰੀ ਰਮੇਸ਼ ਵਿਸ਼ਵਾਸ ਕੁਮਾਰ ਨਾਲ ਵੀ ਮੁਲਾਕਾਤ ਕੀਤੀ। ਵਿਸ਼ਵਾਸ ਨੇ ਕਿਹਾ ਕਿ ਮੈਂ ਜਹਾਜ਼ ਤੋਂ ਛਾਲ ਨਹੀਂ ਮਾਰੀ ਸਗੋਂ ਸੀਟ ਸਮੇਤ ਜਹਾਜ਼ ਤੋਂ ਬਾਹਰ ਆਇਆ। ਤੁਹਾਨੂੰ ਦੱਸ ਦੇਈਏ ਕਿ



ਫਲਾਈਟ ਵਿੱਚ 242 ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ 241 ਲੋਕਾਂ ਦੀ ਮੌਤ ਹੋ ਗਈ ਹੈ। ਲੰਡਨ ਜਾਣ ਵਾਲੀ ਏਅਰ ਇੰਡੀਆ ਦੀ ਫਲਾਈਟ ਦੁਪਹਿਰ 1.38 ਵਜੇ ਦੇ ਕਰੀਬ ਉਡਾਣ ਭਰੀ। ਟੇਕ ਆਫ ਤੋਂ ਕੁਝ ਸਕਿੰਟਾਂ ਬਾਅਦ, ਜਹਾਜ਼ ਬੀਜੇ ਮੈਡੀਕਲ ਕਾਲਜ ਹੋਸਟਲ ਨਾਲ ਟਕਰਾ ਗਿਆ। ਹਾਦਸੇ ਤੋਂ ਕੁਝ ਘੰਟਿਆਂ ਬਾਅਦ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋ ਗਿਆ, ਜਿਸ ਵਿੱਚ ਵਿਸ਼ਵਾਸ ਕੁਮਾਰ ਐਂਬੂਲੈਂਸ ਵੱਲ ਜਾਂਦੇ ਹੋਏ ਖੂਨ ਨਾਲ ਲੱਥਪੱਥ ਦਿਖਾਈ ਦੇ ਰਿਹਾ ਸੀ। ਵਿਸ਼ਵਾਸ ਕੁਮਾਰ ਰਮੇਸ਼ ਇੱਕ 40 ਸਾਲਾ ਬ੍ਰਿਟਿਸ਼ ਨਾਗਰਿਕ ਹੈ ਜੋ ਆਪਣੇ ਪਰਿਵਾਰ ਨੂੰ ਮਿਲਣ ਲਈ ਭਾਰਤ ਆਇਆ ਸੀ। ਉਹ ਆਪਣੇ ਭਰਾ ਅਜੈ ਕੁਮਾਰ ਰਮੇਸ਼ (45) ਨਾਲ ਯੂਕੇ ਵਾਪਸ ਆ ਰਿਹਾ ਸੀ। ਵਿਸ਼ਵਾਸ ਜਹਾਜ਼ ਵਿੱਚ 111 ਵਿੱਚ ਬੈਠਾ ਸੀ, ਜਦੋਂ ਕਿ ਉਸਦਾ ਭਰਾ ਇੱਕ ਵੱਖਰੀ ਕਤਾਰ ਵਿੱਚ ਬੈਠਾ

### ਅਹਿਮਦਾਬਾਦ ਜਹਾਜ਼ ਹਾਦਸੇ ਤੋਂ ਬਾਅਦ DGCA ਦਾ ਵੱਡਾ ਫੈਸਲਾ

## ਏਅਰ ਇੰਡੀਆ ਦੇ ਬੋਇੰਗ 787 ਬੇੜੇ ਦੀ ਹੋਵੇਗੀ ਜਾਂਚ

**ਅਹਿਮਦਾਬਾਦ** - ਅਹਿਮਦਾਬਾਦ ਜਹਾਜ਼ ਹਾਦਸੇ ਤੋਂ ਬਾਅਦ, ਡੀਜੀਸੀਏ (ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ) ਨੇ ਇੱਕ ਵੱਡਾ ਫੈਸਲਾ ਲਿਆ ਹੈ। DGCA ਨੇ ਏਅਰ ਇੰਡੀਆ ਦੇ ਬੋਇੰਗ 787-8/9 ਬੇੜੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ ਦੇ ਹੁਕਮਾਂ ਤਹਿਤ, ਫਿਊਲ ਪੈਰਾਮੀਟਰ ਸਿਸਟਮ ਦੀ ਜਾਂਚ ਕੀਤੀ ਜਾਵੇਗੀ। ਜਹਾਜ਼ ਸੁਰੱਖਿਆ ਦੇ ਹਰ ਮਿਆਰ ਦੀ ਜਾਂਚ ਕੀਤੀ ਜਾਵੇਗੀ। ਇਹ 15 ਜੂਨ ਤੋਂ ਲਾਗੂ ਹੋਵੇਗਾ। ਇਸ ਵਿੱਚ ਟੇਕਆਫ ਮਿਆਰਾਂ ਦੀ ਵੀ ਜਾਂਚ ਕੀਤੀ ਜਾਵੇਗੀ।

ਡੀਜੀਸੀਏ ਨੇ ਆਪਣੇ ਆਦੇਸ਼ ਵਿੱਚ ਕਿਹਾ ਹੈ, 12 ਜੂਨ ਨੂੰ ਏਅਰ ਇੰਡੀਆ ਦੀ ਉਡਾਣ AL-171 (ਅਹਿਮਦਾਬਾਦ-ਗੈਟਵਿਕ) ਹਾਦਸੇ ਦਾ ਸ਼ਿਕਾਰ ਹੋ ਗਈ। ਭਵਿੱਖ ਵਿੱਚ ਅਜਿਹੀ ਕਿਸੇ ਵੀ ਘਟਨਾ ਨੂੰ ਰੋਕਣ ਲਈ, 4731 ਏਅਰ ਇੰਡੀਆ ਨੂੰ ਸਬੰਧਤ ਖੇਤਰੀ ਡੀਜੀਸੀਏ ਦਫਤਰਾਂ ਨਾਲ ਤਾਲਮੇਲ ਕਰਕੇ ਜੇਨਐਕਸ ਇੰਜਣਾਂ ਨਾਲ ਲੈਸ 2787-8/9 ਜਹਾਜ਼ਾਂ 'ਤੇ ਤੁਰੰਤ ਵਾਧੂ ਰੱਖ-ਰਖਾਅ ਕਰਨ ਦਾ ਨਿਰਦੇਸ਼ ਦਿੰਦਾ ਹੈ। 15 ਜੂਨ ਤੋਂ ਦੇਸ਼ ਵਿੱਚ ਉਡਾਣਾਂ ਦੇ ਟੇਕਆਫ ਤੋਂ ਪਹਿਲਾਂ ਇੱਕ ਵਾਰ ਜਾਂਚ ਫਿਊਲ ਪੈਰਾਮੀਟਰ ਨਿਗਰਾਨੀ ਅਤੇ ਸੰਬੰਧਿਤ ਪ੍ਰਣਾਲੀਆਂ ਦੀ ਜਾਂਚ। ਕੈਬਿਨ ਏਅਰ ਕੰਪ੍ਰੈਸਰ ਅਤੇ ਸੰਬੰਧਿਤ ਪ੍ਰਣਾਲੀਆਂ ਦੀ ਜਾਂਚ। ਇਲੈਕਟ੍ਰਾਨਿਕ (ਬਾਕੀ 2 ਤੇ)

## ਸ਼ਿਮਲਾ ਤੇ ਮਨਾਲੀ 'ਚ ਮੀਂਹ ਨੇ ਮੌਸਮ ਕੀਤਾ ਸੁਹਾਵਣਾ

**ਸ਼ਿਮਲਾ** - ਹਿਮਾਚਲ ਜਾਣ ਵਾਲੇ ਸੈਲਾਨੀਆਂ ਲਈ ਵੱਡੀ ਖ਼ਬਰ ਹੈ। ਭਾਰੀ ਗਰਮੀ ਨਾਲ ਝੁਲਸ ਰਹੇ ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਨੇ ਮੌਸਮ ਸੁਹਾਵਣਾ ਬਣਾ ਦਿੱਤਾ ਹੈ। ਵੀਰਵਾਰ ਤੋਂ ਬਾਅਦ, ਰਾਜ ਦੇ ਕਈ ਜ਼ਿਲ੍ਹਿਆਂ ਵਿੱਚ ਮੌਸਮ ਬਦਲ ਗਿਆ ਹੈ ਅਤੇ ਸ਼ੁੱਕਰਵਾਰ ਨੂੰ ਵੀ ਮੀਂਹ ਪੈ ਰਿਹਾ ਹੈ। ਸ਼ੁੱਕਰਵਾਰ ਨੂੰ, ਰਾਜ ਦੇ ਮੰਡੀ, ਮਨਾਲੀ, ਕਾਂਗੜਾ ਅਤੇ ਬਿਲਾਸਪੁਰ ਜ਼ਿਲ੍ਹਿਆਂ ਵਿੱਚ ਮੀਂਹ ਪਿਆ। ਦੁਪਹਿਰ ਨੂੰ ਮੌਸਮ ਬਦਲ ਗਿਆ ਅਤੇ ਗਰਮੀ ਤੋਂ ਰਾਹਤ ਮਿਲੀ। ਇਸ ਤੋਂ ਪਹਿਲਾਂ, ਵੀਰਵਾਰ ਨੂੰ ਰਾਜ ਦੇ ਕਈ ਇਲਾਕਿਆਂ ਵਿੱਚ ਮੀਂਹ ਅਤੇ ਗੜੇ ਪਏ। ਜਾਣਕਾਰੀ ਅਨੁਸਾਰ, ਸੋਲਨ ਬਾਜ਼ਾਰ ਵਿੱਚ ਮੀਂਹ ਅਤੇ ਤੂਫ਼ਾਨ ਕਾਰਨ (ਬਾਕੀ 2 ਤੇ)

## ਪੈਰੋਲ ਦੀ ਮਿਆਦ 'ਅਸਲ ਸਜ਼ਾ' 'ਚੋਂ ਘਟਾਉਣਾ ਗਲਤ, ਹਾਈ ਕੋਰਟ ਨੇ ਪੰਜਾਬ ਸਰਕਾਰ ਦੇ ਫਾਰਮੂਲੇ ਨੂੰ ਨਾਜਾਇਜ਼ ਦੱਸਿਆ

**ਚੰਡੀਗੜ੍ਹ :** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਸਮੇਂ ਤੋਂ ਪਹਿਲਾਂ ਰਿਹਾਈ ਦੇ ਮਾਮਲਿਆਂ 'ਚ ਸਜ਼ਾ ਦੀ ਗਣਨਾ ਲਈ ਜਾਰੀ ਫਾਰਮੂਲੇ ਨੂੰ ਸਾਫ਼ ਤੌਰ 'ਤੇ ਸੰਵਿਧਾਨਕ ਤੇ ਕਾਨੂੰਨ ਦੀ ਮੂਲ ਭਾਵਨਾ ਖ਼?ਲਾਫ਼ ਦੱਸਿਆ ਹੈ। ਜਸਟਿਸ ਹਰਪ੍ਰੀਤ ਸਿੰਘ ਬਰਾਰ ਨੇ ਫੈਸਲੇ 'ਚ ਕਿਹਾ ਕਿ ਪੈਰੋਲ ਦੀ ਮਿਆਦ ਨੂੰ ਅਸਲ ਸਜ਼ਾ ਤੋਂ ਘਟਾਉਣਾ ਕਾਨੂੰਨੀ ਤੌਰ 'ਤੇ ਗਲਤ ਹੈ। ਇਹ ਆਦੇਸ਼ ਹਾਈ ਕੋਰਟ ਨੇ ਦੋ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਜਾਰੀ ਕੀਤਾ, ਜਿਨ੍ਹਾਂ ਵਿੱਚੋਂ ਇਕ ਹੱਤਿਆ ਦੇ ਦੋਸ਼ੀ ਕੈਦੀ ਰੁਪਿੰਦਰ (ਬਾਕੀ 2 ਤੇ)






## ਮਹਾਰਾਸ਼ਟਰ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਸਰਕਾਰੀ ਪੱਧਰ 'ਤੇ ਮਨਾਉਣ ਦਾ ਐਲਾਨ

**ਮੁੰਬਈ /ਅੰਮ੍ਰਿਤਸਰ** - ਮਹਾਰਾਸ਼ਟਰ ਸਰਕਾਰ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਅਤੇ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350ਵੇਂ ਗੁਰਤਾ ਗੱਦੀ ਗੁਰਪੁਰਬ ਸਰਕਾਰੀ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਹੈ।



ਇਹ ਫ਼ੈਸਲਾ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੀ ਸਰਕਾਰੀ ਨਿਵਾਸ ਵਰਸ਼ਾ ਬੰਗਲਾ ਵਿਖੇ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਜੀ ਦੀ ਪ੍ਰਧਾਨਗੀ ਹੇਠ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਅਤੇ ਹੋਰਨਾਂ ਸੰਤ ਮਹਾਪੁਰਸ਼ਾਂ ਤੋਂ ਇਲਾਵਾ ਸਰਕਾਰੀ ਉੱਚ ਅਧਿਕਾਰੀਆਂ ਅਤੇ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿਚ ਹੋਈ ਉੱਚ ਪੱਧਰੀ ਮੀਟਿੰਗ ਦੌਰਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਗੁਰੂ ਸਾਹਿਬਾਨ ਦੀਆਂ ਸ਼ਤਾਬਦੀ ਸਮਾਗਮਾਂ ਨੂੰ ਰਾਜ ਸਰਕਾਰ ਵੱਲੋਂ ਰਾਜ ਪੱਧਰੀ ਸਮਾਗਮ ਵਜੋਂ ਘੋਸ਼ਿਤ ਕੀਤੇ ਜਾਣ ਦੀ ਕੀਤੀ ਗਈ ਅਪੀਲ 'ਤੇ ਲਿਆ ਗਿਆ। ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਨੇ ਮੰਗ ਸਵੀਕਾਰ ਕਰਦਿਆਂ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ ਐਲਾਨ ਕੀਤਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350ਵੇਂ ਗੁਰਤਾ ਗੱਦੀ ਗੁਰਪੁਰਬ ਮਹਾਰਾਸ਼ਟਰ ਸਰਕਾਰ ਵੱਲੋਂ ਰਾਜ ਪੱਧਰ 'ਤੇ ਆਯੋਜਿਤ ਕੀਤੀ ਜਾਵੇਗੀ। ਇਹ ਇਤਿਹਾਸਕ ਸਮਾਗਮ 15 ਅਤੇ 16 ਨਵੰਬਰ ਨੂੰ ਨਾਂਦੇੜ ਵਿਖੇ, 6 ਦਸੰਬਰ ਨੂੰ ਨਾਗਪੁਰ ਅਤੇ 21 ਅਤੇ 22 ਦਸੰਬਰ 2025 ਨੂੰ ਨਵੀਂ ਮੁੰਬਈ ਵਿਖੇ ਆਯੋਜਿਤ ਕਰਦਿਆਂ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਜੋੜਨ ਦਾ ਫ਼ੈਸਲਾ (ਬਾਕੀ 2 ਤੇ)

## ਪੰਜਾਬ ਪੁਲਿਸ ਵੱਲੋਂ ਸਰਹੱਦ ਪਾਰੋਂ ਨਾਰਕੋ-ਤਸਕਰੀ ਰੈਕੇਟ ਦਾ ਪਰਦਾਫਾਸ਼; 4.5 ਕਿਲੋਗ੍ਰਾਮ ਹੈਰੋਇਨ, 11 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ

**ਚੰਡੀਗੜ੍ਹ/ਅੰਮ੍ਰਿਤਸਰ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਇੱਕ ਹੋਰ ਵੱਡੀ ਸਫਲਤਾ ਹਾਸਲ ਕਰਦਿਆਂ ਪੰਜਾਬ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏਐਨਟੀਐਫ) ਬਾਰਡਰ ਰੇਂਜ ਅੰਮ੍ਰਿਤਸਰ ਨੇ ਦੋ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਨਾਰਕੋਟਿਕਸ ਤਸਕਰੀ ਰੈਕੇਟ ਦਾ ਪਰਦਾਫਾਸ਼ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ 4.5 ਕਿਲੋ ਹੈਰੋਇਨ ਤੇ 11 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਇੱਥੇ ਦਿੱਤੀ।



ਦੱਸਣਯੋਗ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਭੇਜ ਸਿੰਘ ਉਰਫ ਭੇਜਾ, ਵਾਸੀ ਪਿੰਡ ਧਨੋਏ ਖੁਰਦ ਤੇ ਮੌਜੂਦਾ ਸਮੇਂ ਵਾਸੀ ਪਿੰਡ ਰਤਨ ਅਤੇ ਅਭਿਜੀਤ ਸਿੰਘ ਉਰਫ ਹੈਪੀ, ਵਾਸੀ ਪਿੰਡ ਮਾਹਲ ਤੇ ਮੌਜੂਦਾ ਸਮੇਂ ਭੱਲਾ ਕਲੋਨੀ, ਛੇਹਰਟਾ, ਅੰਮ੍ਰਿਤਸਰ ਦੇ ਵਾਸੀ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਗੁਰਭੇਜ ਪਾਕਿਸਤਾਨ ਅਧਾਰਤ ਤਸਕਰ ਰਾਣਾ ਦੇ ਸਿੱਧਾ ਸੰਪਰਕ ਵਿੱਚ ਸੀ ਅਤੇ ਖੇਪ ਦੀ ਡਿਲਿਵਰੀ ਲਈ ਤਾਲਮੇਲ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਆਪਣੀ ਗ੍ਰਿਫ਼ਤਾਰੀ ਤੋਂ ਕੁਝ ਦਿਨ ਪਹਿਲਾਂ, ਪਾਕ ਅਧਾਰਤ ਸਮਗਲਰ ਨਾਲ ਮਿਲ ਕੇ ਇਸ ਹੈਰੋਇਨ ਦੀ ਖੇਪ ਨੂੰ ਡਰੋਨ ਰਾਹੀਂ ਪਹੁੰਚਾਉਣ ਦਾ ਪ੍ਰਬੰਧ ਕੀਤਾ ਸੀ ਅਤੇ ਮੁਲਜਮ ਗੁਰਭੇਜ ਨੇ ਇਸ ਕਾਰਵਾਈ ਵਿੱਚ ਆਪਣੇ ਹੋਰ ਸਾਥੀਆਂ ਸਮੇਤ ਅਭਿਜੀਤ ਸਿੰਘ ਨੂੰ ਵੀ ਸ਼ਾਮਲ ਕੀਤਾ ਸੀ। ਡੀਜੀਪੀ ਨੇ ਕਿਹਾ (ਬਾਕੀ 2 ਤੇ)

# ਅਹਿਮਦਾਬਾਦ ਏਅਰ ਇੰਡੀਆ ਜਹਾਜ਼ ਹਾਦਸਾ ਭਾਰਤ ਅਤੇ ਦੁਨੀਆ ਲਈ ਇੱਕ ਦੁਖਦਾਈ ਘਟਨਾ ਹੈ: ਡਾ. ਰਮਨ ਘਈ

## ਯੂਥ ਸਿਟੀਜ਼ਨ ਕੌਂਸਲ ਪੰਜਾਬ ਵੱਲੋਂ ਵਿਜੇ ਰੂਪਾਨੀ ਅਤੇ ਅਹਿਮਦਾਬਾਦ ਜਹਾਜ਼ ਹਾਦਸੇ ਦੇ ਹੋਰ ਪੀੜਤਾਂ ਨੂੰ ਸ਼ਰਧਾਂਜਲੀ

ਹੁਸ਼ਿਆਰਪੁਰ/ਤਰਸੇਮ ਦੀਵਾਨਾ

ਯੂਥ ਸਿਟੀਜ਼ਨ ਕੌਂਸਲ ਪੰਜਾਬ ਵੱਲੋਂ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਭਾਜਪਾ ਇੰਚਾਰਜ ਵਿਜੇ ਰੂਪਾਨੀ ਅਤੇ ਅਹਿਮਦਾਬਾਦ ਵਿੱਚ ਏਅਰ ਇੰਡੀਆ ਜਹਾਜ਼ ਹਾਦਸੇ ਦੇ ਹੋਰ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਯੂਥ ਸਿਟੀਜ਼ਨ ਕੌਂਸਲ ਦੇ ਸੂਬਾ ਪ੍ਰਧਾਨ ਡਾ. ਰਮਨ ਘਈ ਨੇ ਕਿਹਾ ਕਿ ਅਹਿਮਦਾਬਾਦ ਜਹਾਜ਼ ਹਾਦਸਾ ਭਾਰਤ ਅਤੇ ਦੁਨੀਆ ਲਈ ਇੱਕ ਬਹੁਤ ਹੀ ਦੁਖਦਾਈ ਘਟਨਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਭਾਰਤੀ ਨਾਗਰਿਕਾਂ ਅਤੇ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਰਹਿਣ ਵਾਲੇ ਦੂਜੇ ਦੇਸ਼ਾਂ ਦੇ ਲੋਕਾਂ ਨੂੰ ਪਰੇਸ਼ਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਬਹੁਤ ਹੀ ਸੰਵੇਦਨਸ਼ੀਲ ਘਟਨਾਵਾਂ ਨੇ ਦੁਨੀਆ ਭਰ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ ਹੈ ਅਤੇ ਯੂਥ ਸਿਟੀਜ਼ਨ ਕੌਂਸਲ ਪੰਜਾਬ ਇਸ ਜਹਾਜ਼ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹੋਏ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕਰਦੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਭਵਿੱਖ ਵਿੱਚ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਇੱਕ ਵਿਆਪਕ ਯੋਜਨਾ ਤਿਆਰ ਕਰੇ ਤਾਂ ਜੋ ਅਜਿਹੇ



ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਅਹਿਮਦਾਬਾਦ ਜਹਾਜ਼ ਹਾਦਸੇ ਦੇ ਪੀੜਤਾਂ ਦੇ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦੇਵੇ। ਇਸ ਮੌਕੇ 'ਤੇ ਯੂਥ ਸਿਟੀਜ਼ਨ ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਨੇ ਵੀ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਮੂਹ ਵਰਕਰਾਂ ਨੇ ਅਹਿਮਦਾਬਾਦ ਜਹਾਜ਼ ਹਾਦਸੇ ਦੇ ਪੀੜਤਾਂ ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ 'ਤੇ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਤੋਂ ਇਲਾਵਾ, ਅਸ਼ੋਕ ਕੁਮਾਰ ਗੋਲਡੀ, ਐਡਵੋਕੇਟ ਅਨੂਪ ਸ਼ਰਮਾ, ਡਾ. ਰਾਜ ਕੁਮਾਰ ਸੈਣੀ, ਮੋਹਿਤ ਸੰਧੂ, ਡਾ. ਵਸ਼ਿਸ਼ਟ ਕੁਮਾਰ, ਹਰੀਸ਼ ਬੇਦੀ, ਸੁਮਿਤ ਨਈਅਰ, ਵਿਕਰਾਂਤ ਸ਼ਰਮਾ, ਅਮਿਤ ਪਟਿਆਲ, ਦਲਜੀਤ ਧੀਮਾਨ, ਸੁਨੀਲ ਸ਼ਰਮਾ, ਪਰਮਜੀਤ ਰਾਣਾ, ਕਰਨ ਕੁਮਾਰ ਅਤੇ ਹੋਰ ਕੌਂਸਲ ਵਰਕਰਾਂ ਨੇ ਅਹਿਮਦਾਬਾਦ ਜਹਾਜ਼ ਹਾਦਸੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਹਰਸੇਵਾ ਮੈਡੀਕਲ ਟਰੱਸਟ ਮੋਰਾਂਵਾਲੀ ਪਿਛਲੇ 15 ਸਾਲਾਂ ਤੋਂ ਜ਼ਰੂਰਤਮੰਦਾਂ ਮਰੀਜ਼ਾਂ ਦੀ ਕਰ ਰਿਹਾ ਸਹਾਇਤਾ

ਗੜਸ਼ੰਕਰ /ਰਾਕੇਸ਼ ਕੁਮਾਰ

ਜਿੱਥੇ ਅੱਜ ਦੇ ਦੌਰ ਵਿੱਚ ਖਾਣ-ਪੀਣ ਵਾਲੀਆਂ ਵਸਤਾਂ 'ਚ ਮਿਲਾਵਟ ਹੋਣ ਦੇ ਕਾਰਨ ਬਿਮਾਰੀਆਂ ਲੋਕਾਂ ਨੂੰ ਅਪਣੀ ਗ੍ਰਿਫ਼ਤ ਵਿਚ ਲੈ ਰਹੀਆਂ ਹਨ। ਉਥੇ ਹੀ ਇਨ੍ਹਾਂ ਬਿਮਾਰੀਆਂ ਦਾ ਇਲਾਜ ਕਰਾਉਣਾ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਚੁੱਕਾ ਹੈ।ਪਰ ਅੱਜ ਵੀ ਸਾਡੇ ਪੰਜਾਬ ਵਿੱਚ ਕਈ ਅਜਿਹੀਆਂ ਸਮਾਜ ਸੇਵੀ ਸੰਸਥਾਵਾਂ ਹਨ। ਜੋ ਲੋੜਵੰਦ ਲੋਕਾਂ ਦੇ ਇਲਾਜ ਲਈ ਅੱਗੇ ਆ ਰਹੀਆਂ ਹਨ। ਅਜਿਹੀ ਹੀ ਇੱਕ ਸੰਸਥਾ ਹੈ ਗੜ੍ਹਸ਼ੰਕਰ ਦੇ ਪਿੰਡ ਮੋਰਾਂਵਾਲੀ ਵਿਖੇ ਹਰਸੇਵਾ



ਮੈਡੀਕਲ ਟਰੱਸਟ ਜਿਸ ਨੂੰ ਕਿ ਇਲਾਕੇ ਦੇ ਐਨ.ਆਰ.ਆਈਜ਼ ਵੱਲੋਂ ਪਿਛਲੇ 15 ਸਾਲਾਂ ਤੋਂ ਬਾਖੂਬੀ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਕਟਰ ਅਵਤਾਰ ਸਿੰਘ ਬਰਾੜ ਨੇ ਦੱਸਿਆ ਕਿ ਹਰਸੇਵਾ ਮੈਡੀਕਲ ਟਰੱਸਟ ਵੱਲੋਂ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਹਰੇਕ ਸਾਲ ਫਰਵਰੀ ਮਹੀਨੇ ਮੈਗਾ ਮੈਡੀਕਲ ਕੈਂਪ ਲਗਾਇਆ ਜਾਂਦਾ ਹੈ। ਜਿਸ ਵਿੱਚ ਕੈਂਸਰ ਦਾ ਮੁਫ਼ਤ ਚੈੱਕਅਪ, ਅੱਖਾਂ ਦਾ ਮੁਫ਼ਤ ਚੈੱਕਅਪ ਅਤੇ ਜਨਰਲ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਾਲ ਭਰ ਵੱਖ-ਵੱਖ ਪਿੰਡਾਂ ਵਿਚ ਮੈਡੀਕਲ ਕੈਂਪ ਲਗਾਏ ਜਾਂਦੇ ਹਨ ਅਤੇ ਇਨ੍ਹਾਂ ਕੈਂਪਾਂ ਦੌਰਾਨ ਚੁਣੇ ਗਏ ਮਰੀਜ਼ਾਂ ਦਾ ਪਿੰਡ ਵਿੱਚ ਬਣੇ ਮੈਡੀਕਲ ਸੈਂਟਰ ਵਿਚ ਮੁਫ਼ਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਹਫਤੇ ਵਿੱਚ ਦੋ ਦਿਨ ਵੱਡੇ ਹਸਪਤਾਲਾਂ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ ਜਾਂਦਾ ਹੈ। ਇਸ ਹਫ਼ਤੇ ਹਰਸੇਵਾ ਕਲੀਨਿਕ ਵਿਖੇ ਲਿਵਾਸਾ ਹਸਪਤਾਲ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਚੈੱਕਅਪ ਕਰਕੇ ਮਰੀਜ਼ਾਂ ਨੂੰ ਮੁਫ਼ਤ ਸਲਾਹ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।

# ਡਾ. ਅੰਬੇਡਕਰ ਦੇ ਬੁੱਤਾਂ ਨਾਲ ਹੋਈ ਛੇੜਛਾੜ ਦੇ ਵਿਰੋਧ 'ਚ ਨਿਮਿਸ਼ਾ ਮਹਿਤਾ ਵੱਲੋਂ ਕੀਤਾ ਪ੍ਰਦਰਸ਼ਨ

ਗੜ੍ਹਸ਼ੰਕਰ/ਰਾਕੇਸ਼ ਕੁਮਾਰ

ਭਾਜਪਾ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਉਨ੍ਹਾਂ ਵੱਲੋਂ ਕੀਤੇ ਗਏ ਐਲਾਨ ਮੁਤਾਬਕ ਪਿੰਡ-ਪਿੰਡ ਜਾ ਕੇ ਵਿਦੇਸ਼ੀ ਅੱਤਵਾਦੀ ਗੁਰਪਤਵੰਤ ਪੰਨੂ ਦੇ ਪੁਤਲੇ ਫੂਕਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਨਿਮਿਸ਼ਾ ਮਹਿਤਾ ਨੇ ਦੱਸਿਆ ਕਿ ਡਾ. ਅੰਬੇਡਕਰ ਦੇ ਬੁੱਤਾਂ ਨਾਲ ਪਿਛਲੇ ਕੁਝ ਸਮੇਂ ਵਿਚ ਪੰਜਾਬ ਵਿਚ ਕਈ ਥਾਵਾਂ ਤੇ ਹੋਈ ਭੰਨਤੋੜ ਦੀ ਕੋਸ਼ਿਸ਼ ਅਮਰੀਕਾ ਵਿਚ ਬੈਠੇ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਵੱਲੋਂ ਕਰਵਾਈ ਗਈ ਸੀ ਅਤੇ ਇਨ੍ਹਾਂ ਘਟਨਾਵਾਂ ਦਾ ਵਿਰੋਧ ਵਿਚ ਹੀ ਇਹ ਰੋਸ਼ ਪ੍ਰਦਰਸਨ ਸ਼ੁਰੂ ਕੀਤੇ ਗਏ ਹਨ। ਨਿਮਿਸ਼ਾ ਮਹਿਤਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਅਪਣੇ ਸਾਥੀਆਂ ਸਮੇਤ ਹੁਣ ਤੱਕ ਅੱਧਾ ਦਰਜਨ ਦੇ ਕਰੀਬ ਪਿੰਡਾਂ ਵਿਚ ਡਾ.



ਅੰਬੇਡਕਰ ਦੀ ਬੇਅਦਬੀ ਦੇ ਵਿਰੋਧ ਦੇ ਮੁਜ਼ਾਹਰੇ ਕਰ ਚੁੱਕੇ ਹਨ। ਜਿਨ੍ਹਾਂ ਵਿਚ ਪਿੰਡ ਥਾਣਾ ਸਤਨੌਰ, ਰਾਮਪੁਰ, ਬਿਲੜੋ, ਖਾਨਪੁਰ ਆਦਿ ਸ਼ਾਮਲ ਹਨ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਇਨ੍ਹਾਂ ਹਾਦਸਿਆਂ ਲਈ ਪੰਜਾਬ ਸਰਕਾਰ ਵੀ ਜ਼ਿੰਮੇਵਾਰ ਹੈ। ਕਿਉਂਕਿ ਉਨ੍ਹਾਂ ਦੇ ਕੁਸ਼ਾਸਨ ਦੇ ਚਲਦਿਆਂ ਅਜਿਹੇ 5 ਹਾਦਸੇ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਅਤੇ ਇੰਟੈਲੀਜੈਂਸ ਵਿਭਾਗ ਨੂੰ ਅਜਿਹਾ ਪਹਿਲਾ ਹਾਦਸਾ ਹੁੰਦਿਆਂ ਹੀ ਮੁਸਤੈਦੀ ਵਰਤਣੀ ਚਾਹੀਦੀ ਸੀ ਪਰ ਪੁਲਸ ਪ੍ਰਸ਼ਾਸਨ ਮੁਕੰਮਲ ਤੌਰ 'ਤੇ ਸੁੱਤਾ ਪਿਆ ਹੈ। ਭਾਜਪਾ ਆਗੂ ਨੇ ਕਿਹਾ ਕਿ ਗੜ੍ਹਸ਼ੰਕਰ ਵਿਚ ਨੂਰਪੁਰਜੱਟਾਂ ਵਿਚ ਹੋਈ ਡਾ. ਭੀਮ ਰਾਓ ਅੰਬੇਡਕਰ ਦੀ ਬੇਅਦਬੀ ਵਿਚ ਆਪਣੀ ਨਾਕਾਮੀ ਨੂੰ ਲੁਕਾਉਣ ਲਈ ਪੁਲਿਸ ਵੱਲੋਂ ਬਕਾਇਦਾ ਪਿੰਡ ਦੇ ਮੋਹਤਵਰਾਂ 'ਤੇ ਦਬਾਅ ਪਾਇਆ ਗਿਆ ਕਿ ਉਹ ਮੀਡੀਆ ਨੂੰ ਇਹ ਬਿਆਨ ਦੇਣ ਕਿ ਬੁੱਤ ਦੀ ਸਥਾਪਨਾ ਵੇਲੇ ਹੀ ਡਾ. ਅੰਬੇਡਕਰ ਦਾ ਬੁੱਤ ਕੁਝ ਜਗ?ਹਾ ਤੋਂ ਟੁੱਟ ਗਿਆ ਸੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਫੜਨ ਦੀ ਬਜਾਏ ਪੁਲਿਸ ਤੇ ਸਰਕਾਰ ਦਾ ਪੂਰਾ ਜ਼ੋਰ ਮਾਮਲਾ ਦਬਾਉਣ ਵਿਚ ਲੱਗਾ ਹੋਇਆ ਸੀ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਜਲਦ ਫੜਿਆ ਜਾਵੇ ਨਹੀਂ ਤਾਂ ਗੜ੍ਹਸ਼ੰਕਰ ਵਿਚ ਚੱਕਾ ਜਾਮ ਕੀਤਾ ਜਾਵੇਗਾ।

# ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆੱਨਲਾਈਨ ਰਜਿਸਟਰੇਸ਼ਨ ਕਰਨ ਦੀ ਅੰਤਿਮ ਮਿਤੀ 31 ਜੁਲਾਈ 2025-ਡਿਪਟੀ ਕਮਿਸ਼ਨਰ

ਝਬਾਲ,ਦਲਜੀਤ ਸਿੰਘ ਚੱਡਾ

ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਵੈੱਬਸਾਇਟ 'ਤੇ ਕਰ ਸਕਦੇ ਹਨ ਆੱਨਲਾਈਨ ਅਪਲਾਈ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆੱਨਲਾਈਨ ਰਜਿਸਟ?ਰੇਸ਼ਨ ਕਰਨ ਦੀ ਅੰਤਿਮ ਮਿਤੀ 31 ਜੁਲਾਈ, 2025 ਤੱਕ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ਼?ਰੀ ਰਾਹੁਲ ਆਈ ਏ ਐੱਸ ਨੇ ਦੱਸਿਆ ਕਿ ਜੋ ਬੱਚੇ ਭਾਰਤ ਦੇ ਨਾਗਰਿਕ ਹਨ ਅਤੇ ਅਰਜ਼ੀ ਦੇਣ ਦੀ ਅੰਤਿਮ ਮਿਤੀ ਤੱਕ 18 ਸਾਲ ਤੋਂ ਘੱਟ ਉਮਰ ਦੇ ਹਨ, ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ



ਪੁਰਸਕਾਰ ਲਈ ਵੈੱਬਸਾਇਟ 'ਤੇ ਆੱਨਲਾਈਨ ਅਪਲਾਈ ਕਰ ਸਕਦੇ ਹਨ।ਰਾਸ਼ਟਰੀ ਬਾਲ ਪੁਰਸਕਾਰ ਵਿੱਚ ਇੱਕ ਮੈਡਲ ਹੁੰਦਾ ਹੈ, ਜੋ ਕਿ ਮਾਨਯੋਗ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਜਾਂਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਾਨਯੋਗ ਪ੍ਰਧਾਨ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਰ ਹਰ ਸਾਲ ਉਹਨਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਬੱਚਿਆਂ ਨੇ ਅਸਾਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ, ਸਪੈਸ਼ਲ ਬੱਚੇ, ਜਿੰਨ੍ਹਾ ਵਿੱਚ ਅਸਾਧਾਰਨ ਯੋਗਤਾਵਾਂ ਨਾਲ ਵਿਸੇਸ਼ ਅਸਾਧਾਰਨ ਉਪਲੱਬਧੀ ਹਾਸਿਲ ਕੀਤੀ ਹੋਵੇ।ਉਹ ਅਸਧਾਰਨ ਬੱਚੇ, ਜਿੰਨ੍ਹਾਂ ਨੇ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਅਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ, ਜੋ ਕਿ ਰਾਸ਼ਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ ਹਨ। ਇਸ ਤੋਂ ਇਲਾਵਾ ਵੀਰਤਾ ਪੁਰਸਕਾਰ ਲਈ ਚਰਚਿਤ "ਭਾਰਤੀ ਬਾਲ ਕਲਿਆਣ ਪਰਿਸ਼ਦ"ਨੂੰ ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ, ਭਾਰਤ ਸਰਕਾਰ ਵੱਲੋਂ ਕੋਈ ਮਾਨਤਾ ਜਾਂ ਸਹਾਇਤਾ ਨਹੀਂ ਦਿੱਤੀ ਜਾਂਦੀ ਹੈ, ਇਸ ਲਈ "ਭਾਰਤੀ ਬਾਲ ਕਲਿਆਣ ਪਰਿਸ਼ਦ"ਵੱਲੋਂ ਜਾਰੀ ਕਿਸੇ ਵੀ ਤਰ੍ਹਾ ਦੇ ਰਾਸ਼ਟਰੀ ਬਾਲ ਪੁਰਸਕਰ ਲਈ ਰਜਿਸਟ?ਰੇਸ਼ਨ ਨਾ ਕੀਤਾ ਜਾਵੇ।ਸਿਰਫ਼ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਦੀ ਵੈਬਸਾਈਟ 'ਤੇ ਆਪਣਾ ਰਜਿਸਟ?ਰੇਸ਼ਨ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਅਪੀਲ ਕੀਤੀ ਹੈ ਕਿ ਇਹ ਪੁਰਸ਼ਕਾਰ ਪਹਿਲਾ ਰਾਸ਼ਟਰੀ ਪੁਰਸਕਾਰ ਹੈ, ਇਸ ਲਈ ਜਿਲ੍ਹੇ ਦੇ ਅਜਿਹੇ ਬੱਚਿਆਂ ਦੀ ਰਜਿਸਟ?ਰੇਸ਼ਨ ਕਰਵਾਈ ਜਾਵੇ ਤਾਂ ਜੋ ਇੰਨ੍ਹਾ ਬੱਚਿਆਂ ਨੂੰ ਇੱਕ ਵੱਖਰੀ ਪਹਿਚਾਣ ਮਿਲ ਸਕੇ। ਵਧੇਰੇ ਜਾਣਕਾਰੀ ਲਈ ਸ਼?ਰੀ ਰਾਜੇਸ਼ ਕੁਮਾਰ, ਜਿਲ੍ਹਾ ਬਾਲ ਸੁਰੱਖਿਆ ਅਫਸਰ ਤਰਨ ਤਾਰਨ, ਕਮਰਾ ਨੰਬਰ 311, ਤੀਜੀ ਮੰਜਿਲ ਮੋਬਾਇਲ ਨੰਬਰ 9463903411 'ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਅੰਡਰ-19 ਮਹਿਲਾ ਕ੍ਰਿਕਟ ਹੁਸ਼ਿਆਰਪੁਰ ਨੇ ਰੋਪੜ ਨੂੰ 7 ਵਿਕਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ

## ਕਪਤਾਨ ਸੁਰਭੀ, ਉਪ ਕਪਤਾਨ ਸੁਹਾਨਾ ਅਤੇ ਧਰੁਵਿਕਾ ਸੇਠ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ




ਹੁਸ਼ਿਆਰਪੁਰ/ਤਰਸੇਮ ਦੀਵਾਨਾ

ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਆਯੋਜਿਤ ਅੰਡਰ-19 ਮਹਿਲਾ ਅੰਤਰ ਜ਼ਿਲ੍ਹਾ ਕ੍ਰਿਕਟ ਟੂਰਨਾਮੈਂਟ ਵਿੱਚ, ਹੁਸ਼ਿਆਰਪੁਰ ਨੇ ਜ਼ਿਲ੍ਹਾ ਰੋਪੜ ਦੀ ਟੀਮ ਨੂੰ 7 ਵਿਕਟਾਂ ਨਾਲ ਹਰਾ ਕੇ ਆਪਣੀ ਲਗਾਤਾਰ ਦੂਜੀ ਜਿੱਤ ਦਰਜ ਕੀਤੀ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਰੋਪੜ ਦੀ ਟੀਮ ਨੇ ਟਾਸ ਜਿੱਤ ਕੇ 50-50 ਓਵਰਾਂ ਦੇ ਇਸ ਮੈਚ ਵਿੱਚ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਅਤੇ ਰੋਪੜ ਨੇ 50 ਓਵਰਾਂ ਵਿੱਚ 7 ??ਵਿਕਟਾਂ ਦੇ ਨੁਕਸਾਨ 'ਤੇ 222 ਦੌੜਾਂ ਬਣਾਈਆਂ। ਜਿਸ ਵਿੱਚ ਸਿਮਰਪ੍ਰੀਤ ਨੇ 92 ਦੌੜਾਂ ਅਤੇ ਚਾਹਲਪ੍ਰੀਤ ਕੌਰ ਨੇ 57 ਦੌੜਾਂ ਦਾ ਯੋਗਦਾਨ ਪਾਇਆ। ਹੁਸ਼ਿਆਰਪੁਰ ਲਈ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ, ਕਪਤਾਨ ਸੁਰਭੀ ਨੇ 20 ਦੌੜਾਂ ਦੇ ਕੇ 2 ਵਿਕਟਾਂ, ਧਰੁਵਿਕਾ ਸੇਠ ਨੇ 42 ਦੌੜਾਂ ਦੇ ਕੇ 2 ਵਿਕਟਾਂ ਅਤੇ ਅੰਨਿਆ ਠਾਕੁਰ ਨੇ ਰੋਪੜ ਦੀ 1 ਖਿਡਾਰਨ ਨੂੰ ਆਊਟ ਕੀਤਾ। 50 ਓਵਰਾਂ ਵਿੱਚ ਜਿੱਤ ਲਈ 223 ਦੌੜਾਂ ਦੇ ਟੀਚੇ ਨਾਲ ਬੱਲੇਬਾਜ਼ੀ ਕਰਦਿਆਂ ਹੁਸ਼ਿਆਰਪੁਰ ਦੀ ਟੀਮ ਨੇ ਕਪਤਾਨ ਸੁਰਭੀ ਦੀਆਂ ਸ਼ਾਨਦਾਰ 90 ਦੌੜਾਂ ਅਤੇ ਉਪ-ਕਪਤਾਨ ਸੁਹਾਨਾ ਦੀਆਂ 61 ਦੌੜਾਂ ਦੀ ਬਦੌਲਤ 42.4 ਓਵਰਾਂ ਵਿੱਚ 3 ਵਿਕਟਾਂ ਦੇ ਨੁਕਸਾਨ 'ਤੇ 226 ਦੌੜਾਂ ਬਣਾ ਕੇ 7 ਵਿਕਟਾਂ ਨਾਲ ਮੈਚ ਜਿੱਤ ਲਿਆ। ਹੁਸ਼ਿਆਰਪੁਰ ਵੱਲੋਂ ਵੰਸ਼ਿਕਾ ਨੇ 14 ਦੌੜਾਂ ਅਤੇ ਸੰਜਨਾ ਨੇ ਆਪਣੀ ਟੀਮ ਲਈ 13 ਦੌੜਾਂ ਦਾ ਯੋਗਦਾਨ ਪਾਇਆ। ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਹੁਸ਼ਿਆਰਪੁਰ ਦੀ ਇਸ ਵੱਡੀ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਟੀਮ ਲਈ ਵੱਡੀ ਜਿੱਤ ਹੈ ਅਤੇ ਇਸ ਨਾਲ ਆਉਣ ਵਾਲੇ ਮੈਚਾਂ ਵਿੱਚ ਟੀਮ ਦਾ ਮਨੋਬਲ ਹੋਰ ਵਧੇਗਾ। ਪੰਜਾਬ ਲਈ ਅੰਡਰ-19 ਅਤੇ ਅੰਡਰ-23 ਟੀਮਾਂ ਵਿੱਚ ਖੇਡ ਰਹੀ ਹੁਸ਼ਿਆਰਪੁਰ ਦੀ ਕਪਤਾਨ ਸੁਰਭੀ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਸੁਰਭੀ, ਤੁਸੀਂ ਅਤੇ ਹੋਰ ਖਿਡਾਰੀ ਜ਼ਿਲ੍ਹਾ ਕੋਚ ਦਵਿੰਦਰ ਕਲਿਆਣ ਦੀ ਨਿਗਰਾਨੀ ਹੇਠ ਜਿਸ ਮਿਹਨਤ ਅਤੇ ਲਗਨ ਨਾਲ ਅਭਿਆਸ ਕਰ ਰਹੇ ਹਨ, ਉਹ ਆਉਣ ਵਾਲੇ ਦਿਨਾਂ ਵਿੱਚ ਕ੍ਰਿਕਟ ਵਿੱਚ ਹੁਸ਼ਿਆਰਪੁਰ ਦੀਆਂ ਕੁੜੀਆਂ ਨੂੰ ਹੋਰ ਤਾਕਤ ਦੇਵੇਗਾ। ਐਚਡੀਸੀਏ ਦੀ ਇਸ ਜਿੱਤ 'ਤੇ ਪ੍ਰਧਾਨ ਡਾ. ਦਲਜੀਤ ਖੇਲਾ, ਚੇਅਰਮੈਨ ਟੂਰਨਾਮੈਂਟ ਕਮੇਟੀ ਡਾ. ਪੰਕਜ ਸ਼ਿਵ, ਸੰਯੁਕਤ ਸਕੱਤਰ ਵਿਵੇਕ ਸਾਹਨੀ ਨੇ ਸਮੂਹ ਐਸੋਸੀਏਸ਼ਨ ਵੱਲੋਂ ਖਿਡਾਰੀਆਂ ਨੂੰ ਇਸ ਜਿੱਤ ਲਈ ਵਧਾਈ ਦਿੱਤੀ। ਇਸ ਮੌਕੇ 'ਤੇ ਟੀਮ ਕੋਚ ਦਵਿੰਦਰ ਕੌਰ ਕਲਿਆਣ, ਟ?ਰੇਨਰ ਕੁਲਦੀਪ ਧਾਮੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ, ਜੂਨੀਅਰ ਕੋਚ ਪੰਕਜ ਪਿੰਕਾ ਅਤੇ ਦਿਨੇਸ਼ ਸ਼ਰਮਾ ਨੇ ਵੀ ਖਿਡਾਰੀਆਂ ਨੂੰ ਟੀਮ ਦੀ ਇਸ ਵੱਡੀ ਜਿੱਤ 'ਤੇ ਵਧਾਈ ਦਿੱਤੀ। ਡਾ. ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦਾ ਅਗਲਾ ਮੈਚ ਨਵਾਂਸ਼ਹਿਰ ਨਾਲ ਖੇਡਿਆ ਜਾਵੇਗਾ।

# ਹਸਪਤਾਲ ਦਾ ਅਨੁਸ਼ਾਸਨ ਭੰਗ ਕਰਨ ਲਈ ਝੂਠੀਆਂ ਅਫਵਾਵਾਂ ਨਾ ਫਲਾਉਣ : ਐਸਐਮਓ

ਅੰਮ੍ਰਿਤਸਰ / ਮਲਕੀਅਤ ਸਿੰਘ

ਅਕਸਰ ਚਰਚਾ ਦੇ ਵਿਸ਼ਿਆਂ ਵਿੱਚ ਰਹਿੰਦਾ ਸਥਾਨਕ ਜਲਿਆਂਵਾਲਾ ਵਾਲਾ ਬਾਗ ਸਿਵਿਲ ਹਸਪਤਾਲ ਜਿੱਥੇ ਕਿ 24 ਘੰਟੇ ਲੋਕ ਸੇਵਾਵਾਂ ਅਤੇ ਬਿਹਤਰੀਨ ਸਿਹਤ ਸਹੂਲਤਾਂ ਦੇਣ ਲਈ ਸਮਰਪਿਤ ਰਹਿੰਦਾ ਹੈ। ,ਉਥੇ ਹੀ ਕੁਝ ਗੈਰ ਮੁਲਾਜ਼ਮ ਅਤੇ ਅਖੌਤੀ ਪ੍ਰਧਾਨਾ ਤੇ ਕੁਝ ਬਾਹਰੀ ਵਿਅਕਤੀਆਂ ਦੁਆਰਾ ਹਸਪਤਾਲ ਵਿਰੁੱਧ ਬਹਿਕਾਵੇ ਵਿੱਚ ਆ ਕੇ ਦਿੱਤੇ ਜਾਂਦੇ ਬਿਆਨ ਸ਼ਰਮਨਾਕ ਹਨ। ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੰਦਿਆਂ ਹੋਇਆਂ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਅਤੇ ਲੋਕ ਹਿੱਤ ਵਜੋਂ ਜਾਣੇ ਜਾਂਦੇ ਡਾਕਟਰ, ਸਵਰਨਜੀਤ ਧਵਨ ਨੇ ਦੱਸਿਆ ਕਿ ਬੀਤੇ ਕੁਝ ਦਿਨਾਂ ਤੋਂ ਹਸਪਤਾਲ ਦੇ ਹੀ ਕੁਝ ਚਾਪਲੂਸ ਮੁਲਾਜ਼ਮ ਜਿਨਾਂ ਵਿਰੁੱਧ ਹਸਪਤਾਲ ਪ੍ਰਸ਼ਾਸਨ ਨੇ ਸਖਤੀ ਦੇ ਨਾਲ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਉਹਨਾਂ ਦੀਆਂ ਗੈਰ ਜਿੰਮੇਵਾਰ ਹਰਕਤਾਂ ਨੂੰ ਬੰਦ ਕਰਕੇ ਮਰੀਜ਼ਾਂ ਦੀ ਸੇਵਾ ਅਤੇ ਹਸਪਤਾਲ ਦੇ ਕੰਮ ਕਾਜ ਨੂੰ ਲੀਹ 'ਤੇ ਲਿਆਂਦਾ ਸੀ। ਉਹਨਾਂ ਵਿਅਕਤੀਆਂ ਨੂੰ ਹਸਪਤਾਲ ਦੇ



ਬਿਹਤਰੀਨ ਪ੍ਰਸ਼ਾਸਨਿਕ ਨਤੀਜੇ ਰਾਸ ਨਹੀਂ ਆ ਰਹੇ ਜਿਸ ਕਾਰਨ ਉਹ ਬਾਹਰੀ ਲੋਕਾਂ ਰਾਹੀਂ ਗੁਮਰਾਹ ਕਰਨ ਤਰੀਕੇ ਦੇ ਨਾਲ ਅਤੇ ਕੁਝ ਅਖਬਾਰੀ ਮਾਧਿਅਮ ਰਾਹੀਂ ਚੰਗੇ ਹੋ ਰਹੇ ਕਾਰਜਾਂ ਨੂੰ ਢਾਹ ਲਾਉਣ ਦੀ ਕੋਸ਼ਿਸ਼ ਵਿੱਚ ਨਾ ਕਾਮਯਾਬ ਹੋ ਰਹੇ ਹਨ। ਐਸਐਮਓ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕੀ ਉਹ ਅਜਿਹੇ ਵਿਅਕਤੀਆਂ ਦੇ ਝਾਂਸੇ ਵਿੱਚ ਨਾ ਆਉਣ ਅਤੇ ਹਸਪਤਾਲ ਪ੍ਰਸ਼ਾਸਨ ਵੱਲੋਂ ਹਰ ਤਰ੍ਹਾਂ ਦੀਆਂ ਦਿੱਤੀਆਂ ਜਾ ਰਹੀਆਂ ਸਰਕਾਰੀ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ, ਫਿਰ ਵੀ ਅਗਰ ਕਿਸੇ ਨੂੰ ਕਿਸੇ ਤਰ੍ਹਾਂ ਦੀ ਸਿਹਤ ਸੇਵਾਵਾਂ ਪ੍ਰਤੀ ਮੁਸ਼ਕਲ ਆਉਂਦੀ ਹੈ ਤਾਂ ਉਹ ਸਿੱਧੇ ਤੌਰ ਤੇ ਸੀਨੀਅਰ ਮੈਡੀਕਲ ਅਫਸਰ ਵਨ ਅਤੇ ਟੂ ਨੂੰ ਸਿੱਧੇ ਤੌਰ ਤੇ ਮਿਲ ਸਕਦਾ ਹੈ।

# ਗਰਮੀ ਦੇ ਮੌਸਮ ਵਿੱਚ ਬਾਜ਼ਾਰ ਦੇ ਖੁੱਲ੍ਹੇ ਭੋਜਨ,ਤਲੀਆਂ ਚੀਜ਼ਾਂ, ਮਸਾਲੇਦਾਰ ਭੋਜਨ ਖਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ : ਡਾ. ਹਰਜੀਤ ਸਿੰਘ

## ਆਪਣੇ ਸਰੀਰ ਦਾ ਤਾਪਮਾਨ ਸਹੀ ਬਰਕਰਾਰ ਰੱਖਣ ਲਈ ਛਾਂ ਵਿੱਚ ਆਰਾਮ ਕਰਨਾ ਚਾਹੀਦਾ ਹੈ

ਹੁਸ਼ਿਆਰਪੁਰ/ਤਰਸੇਮ ਦੀਵਾਨਾ

ਵੱਧ ਰਹੀ ਗਰਮੀ ਦੇ ਤਾਪਮਾਨ ਕਾਰਨ ਸਿਹਤ ਦਾ ਰੱਖਿਆ ਜਾਵੇ ਧਿਆਨ ਅਤੇ ਲੋਕ ਸਵੇਰੇ 11 ਤੋਂ ਸ਼ਾਮ 4 ਵਜੇ ਤੱਕ ਘਰ ਤੋਂ ਨਿਕਲਣ ਦਾ ਕਰਨ ਪਰਹੇਜ਼। ਇਹਨਾਂ ਗੱਲਾਂ ਦਾ ਪ੍ਰਗਟਾਵਾ ਐਸਐਸ ਮੈਡੀਸਿਟੀ ਹਸਪਤਾਲ ਮੁਕੇਰੀਆਂ ਦੇ ਡਾਕਟਰ ਹਰਜੀਤ ਸਿੰਘ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕੀ ਜਿਆਦਾ ਤਾਪਮਾਨ ਦੇ ਕਾਰਨ ਫੂਡ ਪੁਆਇਜ਼ਨਿੰਗ ਦੀ ਸਮੱਸਿਆ ਬਹੁਤ ਜ਼ਿਆਦਾ ਹੁੰਦੀ ਹੈ ਇਸ ਲਈ ਸਾਨੂੰ ਇਸ ਮੌਸਮ ਦੌਰਾਨ ਵੱਧ ਤੋਂ ਵੱਧ ਤਾਜ਼ੇ ਫਲ ਖਾਣੇ ਚਾਹੀਦੇ ਹਨ, ਬਾਜ਼ਾਰ ਦੇ ਖੁੱਲ੍ਹੇ ਭੋਜਨ, ਤਲੀਆਂ ਚੀਜ਼ਾਂ, ਮਸਾਲੇਦਾਰ ਭੋਜਨ ਖਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਡਾਕਟਰ ਹਰਜੀਤ ਸਿੰਘ ਨੇ ਦੱਸਿਆ ਕਿ ਵੱਧ ਰਹੇ ਤਾਪਮਾਨ ਕਾਰਨ ਨਵਜੰਮੇ ਬੱਚੇ, ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗ, ਮਜ਼ਦੂਰ, ਮੋਟਾਪੇ ਤੋਂ ਪੀੜਤ ਵਿਅਕਤੀ ਅਤੇ ਪੁਰਾਣੀਆਂ ਬਿਮਾਰੀਆਂ ਤੋਂ ਪੀੜਤਾਂ ਨੂੰ ਵਧੇਰੇ ਖਤਰਾ ਹੁੰਦਾ ਹੈ ਤੇ ਲੋੜ ਪੈਣ ਤੇ ਡਾਕਟਰ ਦੀ ਸਲਾਹ ਨਾਲ ਹੀ



ਦਵਾਈ ਖਾਓ। ਉਨ੍ਹਾਂ ਦੱਸਿਆ ਕਿ ਘਰ ਤੋਂ ਬਾਹਰ ਦੇ ਕੰਮ ਦਿਨ ਦੇ ਠੰਡੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਵਿੱਚ ਕੀਤੇ ਜਾਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਪਿਆਸ ਨਾ ਲੱਗਣ 'ਤੇ ਵੀ ਹਰ ਅੱਧੇ ਘੰਟੇ ਬਾਅਦ ਪਾਣੀ ਪੀਓ। ਬਾਹਰ ਕੰਮ ਕਰਦੇ ਸਮੇਂ ਹਲਕੇ ਰੰਗ ਦੇ ਪੂਰੀ ਬਾਹਾਂ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੋਸ਼ਿਸ਼ ਕਰੋ ਕਿ ਗਰਮੀਆਂ ਵਿੱਚ ਸਿਰਫ਼ ਸੂਤੀ ਕੱਪੜੇ ਹੀ ਪਾਏ ਜਾਣ। ਉਹਨਾਂ ਕਿਹਾ ਕਿ ਸਿੱਧੀ ਧੁੱਪ ਤੋਂ ਆਪਣੇ ਸਿਰ ਨੂੰ ਢੱਕਣ ਲਈ ਛੱਤਰੀ, ਟੋਪੀ, ਤੋਲੀਆ, ਪੱਗ ਜਾਂ ਦੁਪੱਟੇ ਦੀ ਵਰਤੋਂ ਕਰਨੀ ਚਾਹੀਦੀ ਹੈ। ਨੰਗੇ ਪੈਰੀਂ ਬਾਹਰ ਨਾ ਨਿਕਲੋ , ਧੁੱਪ ਵਿਚ ਬਾਹਰ ਜਾਣ ਵੇਲੇ ਹਮੇਸ਼ਾ ਜੁੱਤੀ ਜਾਂ ਚੱਪਲਾਂ ਪਾਓ।ਧੁੱਪ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ ਸਰੀਰ ਦਾ ਤਾਪਮਾਨ ਸਹੀ ਬਰਕਰਾਰ ਰੱਖਣ ਲਈ ਛਾਂ ਵਿਚ ਆਰਾਮ ਕਰਨਾ ਚਾਹੀਦਾ ਹੈ ਜਾਂ ਸਿਰ 'ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ। ਧੁੱਪ ਵਿਚ ਨਿਕਲਦੇ ਸਮੇਂ ਹਮੇਸ਼ਾ ਪਾਣੀ ਨਾਲ ਰੱਖੋ । ਡਾਕਟਰ ਹਰਜੀਤ ਨੇ ਕਿਹਾ ਕਿ ਵੱਧ ਰਹੇ ਤਾਪਮਾਨ ਅਤੇ ਲੂਅ ਵਿੱਚ ਜਿਵੇਂ ਪਾਣੀ, ਲੱਸੀ, ਓ.ਆਰ.ਐਸ. ਦੇ ਘੋਲ ਦਾ ਵੱਧ ਤੋਂ ਵੱਧ ਸੇਵਨ ਕਰੋ।

ਉਹਨਾਂ ਕਿਹਾ ਕਿ ਗਰਮੀ ਵਿੱਚ ਜਾਣ ਸਮੇਂ ਖਾਲੀ ਪੇਟ ਘਰੋ ਬਾਹਰ ਨਾ ਨਿਕਲੋ ਜਿਆਦਾ ਮਿਰਚ ਅਤੇ ਮਸਾਲੇਦਾਰ ਭੋਜਨ ਤੋਂ ਪ੍ਰਹੇਜ ਕਰੋ, ਕੂਲਰ ਜਾਂ ਏ. ਸੀ. ਵਾਲੇ ਕਮਰੇ ਵਿੱਚੋਂ ਇੱਕ ਦਮ ਧੁੱਪ ਵਿੱਚ ਨਾ ਨਿਕਲੋ ਅਤੇ ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਕਿ ਤਰਬੂਜ, ਸੰਤਰਾ, ਅੰਗੂਰ, ਖੀਰੇ ਅਤੇ ਟਮਾਟਰ ਖਾਓ ਕਿਉਂਕਿ ਇਨ੍ਹਾਂ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

# ਪ੍ਰੀਤ ਇੰਦਰ ਸਿੰਘ ਢਿੱਲੋਂ ਕਿਸਾਨ ਵਿੰਗ ਕਾਂਗਰਸ ਪੰਜਾਬ ਦੇ ਜਨਰਲ ਸੈਕਰੇਟਰੀ ਨਿਯੁਕਤ

ਅੰਮ੍ਰਿਤਸਰ/ ਅੰਮ੍ਰਿਤਾ ਭਗਤ

ਸੀਨੀਅਰ ਕਾਂਗਰਸੀ ਆਗੂ ਪ੍ਰੀਤਇੰਦਰ ਸਿੰਘ ਢਿੱਲੋ ਵੱਲੋਂ ਕਾਂਗਰਸ ਪਾਰਟੀ ਪ੍ਰਤੀ ਨਿਭਾਈਆਂ ਗਈਆਂ ਸੇਵਾਵਾਂ ਦੀ ਬਦੌਲਤ ਉਨਾਂ ਨੂੰ ਕਿਸਾਨ ਵਿੰਗ ਕਾਂਗਰਸ ਪਾਰਟੀ ਪੰਜਾਬ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਉਹਨਾਂ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ ਆਲ ਇੰਡੀਆ ਕਿਸਾਨ ਵਿੰਗ ਕਾਂਗਰਸ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ, ਕਿਸਾਨ ਵਿੰਗ ਕਾਂਗਰਸ ਪੰਜਾਬ ਦੇ ਪ੍ਰਧਾਨ ਕਰਨਜੀਤ ਸਿੰਘ ਮਿੱਠਾ ਤੇ ਸਹਿ ਪ੍ਰਭਾਰੀ ਪੰਜਾਬ ਕਾਂਗਰਸ




ਰਵਿੰਦਰ ਡਾਲਵੀਆ ਨੇ ਉਹਨਾਂ ਨੂੰ ਨਿਯੁਕਤੀ ਪੱਤਰ ਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾਵ ਮਿਲੀ ਇਸ ਨਵੀਂ ਜਿੰਮੇਵਾਰੀ ਤੇ ਉਤਸ਼ਾਹਿਤ ਹੁੰਦੇ ਹੋਏ ਪ੍ਰੀਤ ਇੰਦਰ ਸਿੰਘ ਢਿੱਲੋ ਨੇ ਜਿੱਥੇ ਹਾਈ ਕਮਾਂਡ ਦਾ ਧੰਨਵਾਦ ਕੀਤਾ, ਉੱਥੇ ਨਾਲ ਹੀ ਆਪਣਾ ਕੰਮ ਤਨਦੇਹੀ ਤੇ ਮਿਹਨਤ ਨਾਲ ਕਰਨ ਦਾ ਭਰੋਸਾ ਦਿੱਤਾ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਦਿਨੋ ਦਿਨ ਹੋ ਰਹੇ ਬਦਤਰ ਹਾਲਾਤਾਂ ਨੂੰ ਵੇਖਦੇ ਹੋਏ ਲੋਕਾਂ ਦਾ ਹੁਣ ਆਮ ਆਦਮੀ ਪਾਰਟੀ ਸਰਕਾਰ ਤੋਂ ਭਰੋਸਾ ਉੱਠ ਗਿਆ ਹੈ, ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਦੀ ਬਹੁਤ ਵੱਡੀ ਜਿੱਤ ਹੋਵੇਗੀ ਤੇ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਨੂੰ ਦੁਬਾਰਾ ਤੋਂ ਫਿਰ ਤਰੱਕੀ ਤੇ ਖੁਸ਼ਹਾਲੀਆਂ ਦੀ ਲੀਹਾਂ ਤੇ ਲਿਆਂਦਾ ਜਾਏਗਾ।

## ਕਾਗਜਾਂ ਦੀ ਖੱਟੀ

ਉਹ ਆਪਣੇ ਆਫਿਸ ਵਿੱਚ ਬੈਠੀ ਕਿਸੇ ਦਾ ਇੰਤਜ਼ਾਰ ਕਰ ਰਹੀ ਸੀ। ਨਾਲ ਨਾਲ ਫੋਨ ਵਿਚ ਫ਼ੋਟੋਆਂ ਵੇਖ ਰਹੀ ਸੀ। ਮਾਂ ਦੀ ਫੋਟੋ ਵੇਖਦੀ ਵੇਖਦੀ ਉਹ ਅਤੀਤ ਵਿੱਚ ਪੰਹੁਚ ਗਈ। ਜਦੋਂ ਉਹਦਾ ਦਸਵੀਂ ਜਮਾਤ ਦਾ ਨਤੀਜਾ ਆਇਆ ਸੀ। ਉਹ ਮੈਰਿਟ ਵਿੱਚ ਆਈ ਸੀ। ਸਕੂਲ ਦੀ ਅਸੈਂਬਲੀ ਵਿੱਚ ਉਹਦੇ ਨਾਂ ਤੇ ਤਾੜੀਆਂ ਵਜੀਆਂ ਸੀ ਪਰ ਘਰ ਵਿੱਚ ਕਿਸੇਨੇ ਨੋਟਿਸ ਨਹੀਂ ਲਿਆ ਸੀ। ਉਸ ਨੂੰ ਯਾਦ ਹੈ ਕਿ ਸਰਕਾਰੀ ਸਕੂਲ ਦੀ ਪ੍ਰਿੰਸਪਲ ਨੇ ਉਹਦੇ ਘਰ ਚਪੜਾਸੀ ਨੂੰ ਭੇਜਿਆ ਸੀ ਜੋ ਕਿ ਚਾਰ ਕਿਲੋਮੀਟਰ ਸਾਈਕਲ ਚਲਾ ਕੇ ਮੈਡਮ ਦਾ ਸੁਨੇਹਾ ਦੇਣ ਲਈ ਆਇਆ ਸੀ ਕਿ ਕੁੜੀ ਨੂੰ ਅੱਗੇ ਜ਼ਰੂਰ ਪੜ੍ਹਾਓ।ਪਰ ਘਰ ਵਿੱਚ ਕਦੇ ਵੀ ਉਸ ਦੀ ਪੜਾਈ ਦਾ ਜ਼ਿਕਰ ਨਹੀਂ ਹੋਇਆ ਸੀ। ਨਾ ਹੀ ਉਸ ਨੇ ਆਪਣੇ ਮਾਂ ਬਾਪ ਨੂੰ ਕਿਹਾ ਸੀ ਕਿ ਉਹ ਅੱਗੇ ਪੜ੍ਹਨਾ ਚਾਹੁੰਦੀ ਸੀ। ਉਹ ਗੱਲ ਵੱਖਰੀ ਸੀ ਕਿ ਉਹ ਹਮੇਸ਼ਾ ਸੁਪਨਿਆ ਵਿੱਚ ਪ੍ਰੀਖਿਆ ਹਾਲ ਵਿੱਚ ਬੈਠੀ ਹੂੰਦੀ ਸੀ। ਉ ਹ ਨੂੰ ਪ ੜ੍ਹ ਨ ਦਾ ਜ ਨੂੰ ਨ ਜਿ ਹਾ ਸੀ। ਬੜੀਵਾਰਓਹਨੂੰ ਇਸ ਲਈ ਝਿੜਕਾਂ ਪੈ ਜਾਂਦੀਆਂ ਕਿ ਉਹ ਘਰ ਦੇ ਕੰਮ ਨਾਲੋਂ ਜਿਆਦਾ ਕਿਤਾਬਾਂ ਵਿੱਚ ਦਿਲਚਸਪੀ ਰੱਖਦੀ ਸੀ। ਇੱਕ ਵਾਰ ਝਾੜੂ ਲਾਉਂਦੀ ਨੂੰ ਇੱਕ ਵੱਡਾ ਸਾਰਾ ਕਾ.ਗ਼ਜ਼ ਦਾ ਲਿ.ਫ਼ਾ.ਫ਼ਾ ਹੱਥ ਆ ਗਿਆ ਸੀ। ਉਸਨੇ ਪਾੜ ਕੇ ਸਿੱਧਾ ਕੀਤਾ ਤੇ ਉੱਥੇ ਹੀ ਪੜ੍ਹਨ ਬੈਠ ਗਈ। ਉਸ ਨੂੰ ਪਤਾ ਹੀ ਨਾ ਲੱਗਿਆ ਕਦੋਂ ਧੁੱਪ ਚੜ੍ਹ ਗਈ ਤੇ ਬੀਜੀ ਨੇ ਝਿੜਕਦੇ ਹੋਏ ਕਿਹਾ ਇਹ ਕੁੜੀ ਨੇ ਨੀ ਕੁਝ ਕਰਨਾ। ਇਹ ਤੇ ਅਗਲੇ ਘਰੋਂ ਵੀ ਲਾਹਮੇ ਹੀ ਦੁਆਏਗੀ। ਜਿਵੇਂ ਇਹਨੇ ਕਾਗਜਾਂ ਦੀ ਹੀ ਖੱਟੀ ਖਾਣੀ ਏ।ਪੰਜ ਕੁ ਸਾਲ ਬਾਅਦ ਉਹਦਾ ਵਿਆਹ ਕਰ ਦਿੱਤਾ ਗਿਆ ਸੀ।

ਜਦੋਂ ਬੇਟਾ ਚਾਰ ਸਾਲ ਦਾ ਹੋ ਗਿਆ ਤਾਂ ਗੱਲਾਂ ਗੱਲਾਂ ਵਿੱਚ ਨਾਲਦੇ ਨੂੰ ਉਹਦੀ ਪੜ੍ਹਨ ਦੀ ਇੱਛਾ ਬਾਰੇ ਪਤਾ ਲੱਗਿਆ। ਉਹ ਅਗਲੇ ਦਿਨ ਹੀ ਬਾਰ੍ਹਵੀਂ ਜਮਾਤ ਲਈ ਫ਼ਾਰਮ ਲੈ ਆਇਆ ਤੇ ਫਿਰ ਉਹਦਾ ਪੜ੍ਹਾਈ ਦਾ ਦੌਰ ਸ਼ੁਰੂ ਹੋਇਆ।ਉਹ ਗਿਆਰਾਂ ਸਾਲ ਬਾਅਦ ਪੜਾਈ ਸ਼ੁਰੂ ਕਰ ਕੇ ਵੀ ਹਮੇਸ਼ਾ ਪਹਿਲੇ ਦਰਜੇ ਵਿਚ ਪਾਸ ਹੁੰਦੀ ਸੀ। ਪਤਾ ਹੀ ਨਹੀਂ ਲੱਗਿਆ ਕਦੋਂ ਬੀ ਏ,

ਐਮ ਏ ਬੀ ਐਡ ਹੋ ਗਈ ਤੇ ਨਾਲ? ਨਾਲ? ਦੋਵਾਂ ਜੀਆਂ ਨੇ ਮਿਲ ਕੇ ਇੱਕ ਸਕੂਲ ਚਲਾ ਲਿਆ। ਜਿੱਥੇ ਹਮੇਸ਼ਾ ਗਰੀਬ ਵਿਦਿਆਰਥੀਆਂ ਦੀਆਂਮੁਸ਼ਕਲਾਂ ਨੂੰ ਹਮਦਰਦੀ ਨਾਲ ਹੱਲ ਕੀਤਾ ਜਾਂਦਾ। ਖਾਸ ਕਰ ਕੇ ਇਸ ਗੱਲ ਦਾ ਖ਼?ਆਲ ਰੱਖਦਿਆਂ ਕਿ ਲੜਕੀਆਂ ਕਿਸੇ ਵੀ ਕਾਰਣ ਸਿੱਖਿਆ ਤੋਂ ਵਾਂਝੀਆਂ ਨਾ ਰਹਿ ਜਾਣ। ਉਹ ਸਮਾਜਿਕ ਪੱਖ ਦੇ ਨਾਲ ਨਾਲ ਆਰਥਿੱਕ ਪੱਖ ਤੋਂ ਵੀ ਆਤਮਨਿਰਭਰ ਹੋ ਗਏ। ਅੱਜ ਮਾਂ ਦੀ ਫ਼ੋਟੋ ਵੇਖ਼ ਕੇ ਉਸ ਦੇ ਦਿਲ ਵਿੱਚ ਇੱਕ ਟੀਸ ਓਠੀ ਕਾਸ਼ ਮਾਂ ਹੁੰਦੀ ਤਾਂ ਉਹ ਕਹਿੰਦੀ ਕੇ ਵੇਖੋ ਬੀਜੀ ਤੂਹਾਡੀ ਧੀ ਕਾਗਜਾਂ ਦੀ ਹੀ ਖੱਟੀ ਖ਼ਾ ਰਹੀ ਏ।

**ਬੇਅੰਤ ਕੌਰ ਸਾਹੀ (ਘੱਗਾ)**

# ਆਓ ਅਗਲੀ ਪੀੜ੍ਹੀ ਨੂੰ ਵੀ ਪੰਜਾਬੀ ਭਾਸ਼ਾ ਦਾ ਮੂਲ ਗਿਆਨ ਦਿਵਾਈਏ

ਜਿਤਨੇ ਵੀ ਸਿੱਖ ਵਿਦੇਸ਼ਾਂ ਚ ਰਹਿੰਦੇ ਹਨ! ਉਹਨਾਂ ਵਿਚੋਂ ਬਹੁਤਾਂਤ ਤਾਂ ਇਹ ਕੋਸ਼ਿਸ਼ ਕਰਦੇ ਹਨ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦਾ ਸਹੀ ਗਿਆਨ ਦਿਵਾਉਣ, ਉਸ ਲਈ ਉਹ ਗੁਰੂ ਘਰਾਂ ਅੰਦਰ ਵੀ ਬੱਚਿਆਂ ਨੂੰ ਸਿੱਖਿਆ ਦਿਵਾਉਣ ਲਈ ਲੈ ਕੇ ਜਾਂਦੇ ਨੇ। ਸ਼ੁਰੂ ਸ਼ੁਰੂ ਵਿਚ ਬਹੁਤ ਉਤਸ਼ਾਹ ਨਾਲ ਸਾਰੇ ਆਪਣੇ ਬੱਚਿਆ ਨੂੰ ਲੈ ਕੇ ਜਾਂਦੇ, ਪਰ ਜਿਉਂ ਜਿਉਂ ਸਮਾਂ ਬੀਤ ਦਾ ਕੈਪਾਂ ਵਿਚ ਪੁਰਾਣੇ ਬੱਚੇ ਦਿਸਣੋਂ ਹੱਟ ਜਾਂਦੇ ਕਾਰਨ ਜਾਂ ਤਾਂ ਰੁਝੇਵੇਂ ਜਾਂ ਉਹਨਾਂ ਦਿਨਾਂ ਵਿਚ ਕਿਸੇ ਪਾਸੇ ਘੁੰਮਣ ਦਾ ਪ੍ਰੋਗਰਾਮ ਬਣ ਜਾਂਦਾ।

ਮੈਕਸ ਆਰਥਰ ਮੈਕਾਲਿਫ ਜੋ ਵੀ ਸਦੀ ਵਿਚ ਭਾਰਤ ਵਿਚ ਜੱਜ ਸੀ ਜਿਸਨੇ Sikh History ਲਿਖੀ ਉਹ ਆਪਣੀ ਭੂਮਿਕਾ ਵਿਚ ਲਿਖਦਾ ਕਿ ਮੈਂ ਭਾਰਤ ਵਿਚ ਤੇ ਕਈ ਇਕ ਹੋਰ ਦੇਸ਼ਾਂ ਵਿਚ ਜਿਥੇ ਕਿਤੇ ਵੀ ਗਿਆ ਹਾਂ, ਕਈ ਪੜਿ ਆਂ ਲਿਖਿਆਂ ਨੇ ਪੁਛਿਆ ਹੈ ਕਿ ਸਿੱਖ ਧਰਮ ਹੈ ਕੀ? ਕੀ ਸਿੱਖ ਹਿੰਦੂ ਹਨ? ਕੀ ਇਹ ਬੁੱਤਾਂ ਦੇ ਪੁਜਾਰੀ ਹਨ ਜਾਂ ਮੁਸਲਮਾਨ ਹਨ? ਇਸ ਅਣਜਾਣਤਾ ਦਾ ਕਾਰਨ ਇਹੋ ਹੈ ਕਿ ਸਿੱਖਾਂ ਦੀ ਪਵਿੱਤਰ ਗੁਰਬਾਣੀ ਜਿਸ ਭਾਰਤੀ ਭਾਸ਼ਾ ਵਿਚ ਉਚਾਰੀ ਗਈ ਹੈ, ਉਸਦਾ ਸਮਝਣਾ ਮੁਸ਼ਕਿਲ ਹੈ। ਹਰ ਇੱਕ ਮਤ ਦੀਆਂ ਆਪੋ ਆਪਣੀਆਂ ਧਾਰਮਿਕ ਪੁਸਤਕਾਂ ਹਨ, ਜਿਵੇਂ ਕਿ ਯਹੁਦੀਆਂ ਦੀ ਪ੍ਰਚੀਨ ਅੰਜੀਲ ਹੈ, ਮੁਸਲਮਾਂਨਾ ਦਾ ਕੁਰਾਨ ਸ਼ਰੀਫ ਹੈ, ਹਿੰਦੂਆਂ ਦੇ ਵੇਦ, ਪੁਰਾਣ ਤੇ ਸ਼ਾਸ਼ਤਰ ਹਨ, ਬੋਧੀਆਂ ਦੀਆਂ ਤ੍ਰਿਪਿਟਕ, ਪਾਰਸੀਆਂ ਦੀ ਜ਼ੈਨਡੇਵੈਸਟਾ, ਕਨਫਯੂਸ਼ੀਅਨ ਮਤ ਦੇ ਅਨਾਲੈਕਟਸ, ਬਸੰਤ ਅਤੇ ਪਤਝੜ, ਇਸਦੀਆਂ ਪ੍ਰਾਚੀਨ ਕਵਿਤਾ ਦੀਆਂ ਅਤੇ ਪ੍ਰੀਵਰਤਨ ਦੀਆਂ ਰਚਨਾਵਾਂ ਹਨ।

ਇਹਨਾਂ ਮਤਾਂ ਦੇ ਪਵਿੱਤਰ ਸੰਦੇਸ਼ ਜਿਨ੍ਹਾਂ ਬੋਲੀਆਂ ਵਿਚ ਲਿਖੇ ਹੋਏ ਹਨ, ਭਾਵੇਂ ਉਹ ਕਠਨ ਹਨ, ਪਰ ਉਹਨਾਂ ਚੋਂ ਬਹੁਤੀਆਂ ਇਕਸਾਰ ਹੀ ਹਨ। ਅਧਿਆਪਕਾਂ ਤੋਂ ਕੁਝ ਕੁ ਮੁੱਢਲੀ ਜਾਣਕਾਰੀ ਲੈ ਕੇ ਅਤੇ ਵਿਆਕਰਣਾਂ ਤੇ ਕੋਸ਼ਾਂ ਦੀ ਵਰਤੋਂ ਕਰਨ ਨਾਲ ਇਹਨਾਂ ਬੋਲੀਆਂ ਦੀ ਚੰਗੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ, ਪਰ ਸਿੱਖ ਗੁਰੂਆਂ ਤੇ ਭਗਤਾਂ ਦੀ ਬਾਣੀ ਮੱਧ-ਵਰਤੀ ਕਾਲ ਦੀਆਂ ਉਹਨਾਂ ਬੋਲੀਆਂ ਵਿਚ ਉਚਾਰੀ ਹੈ ਜਿਨ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਨੀ ਏਨੀ ਸੁਖਾਲੀ ਨਹੀਂ ਹੈ। ਸਿੱਖਾਂ ਦੀ ਗੁਰਬਾਣੀ ਦੇ ਅਨੁਵਾਦਕ ਲਈ ਬਹੁਤ ਜ਼ਰੂਰੀ ਹੈ ਕਿ ਉਹ ਭਾਰਤ ਵਿਚ ਚੋਖਾ ਸਮਾਂ ਬਿਤਾਵੇ ਅਤੇ ਇਸ ਵੇਲੇ ਸਿੱਖਾਂ ਵਿਚ ਜੋ ਗੁਣੀ ਗਿਆਨੀ ਹਨ ਉਹਨਾਂ ਦੀ ਸਹਾਇਤਾ ਲੈ ਕੇ ਕੰਮ ਕਰੇ। ਏਥੇ ਹੀ ਬਸ ਨਹੀਂ ਸਿੱਖਾਂ ਦੀ ਪਵਿੱਤਰ ਬਾਣੀ ਵਿਚ ਕਈ ਅਜਿਹੇ ਵੀ ਵਿਸ਼ੇਸ਼ ਸ਼ਬਦ ਆਉਂਦੇ ਹਨ ਜੋ ਕਿਸੇ ਹੋਰ ਬੋਲੀ ਵਿਚ ਮਿਲਦੇ ਨਹੀਂ,




ਇਸ ਲਈ ਇਹਨਾਂ ਸ਼ਬਦਾਂ ਦੇ ਅਰਥ ਸੰਪਰਦਾਈ ਹੀ ਠੀਕ ਮੰਨਣੇ ਪੈਂਦੇ ਹਨ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਗਭਗ ਸਾਰੀਆਂ ਹੀ ਧਾਰਮਿਕ ਤੇ ਸੰਸਾਰਿਕ ਬਾਣੀਆਂ ਨਾਲੋਂ ਵਧੇਰੇ ਔਖੀ ਪ੍ਰਤੀਤ ਹੁੰਦੀ ਹੈ। ਇਸੇ ਕਰਕੇ ਬਹੁਤ ਸਾਰੇ ਲੋਕੀ ਇਹ ਨਹੀਂ ਜਾਣਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀ ਲਿਖਿਆ ਹੈ।

ਬੇਸ਼ੱਕ ਕਈ ਅਜ ਇਹ ਕਹਿ ਦੇਣ ਕੇ ?? ਵੀਂ ਸਦੀ ਵਿਚ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਖ ਵੱਖ ਭਾਸ਼ਾਵਾਂ ਵਿਚ ਟੀਕੇ ਮੌਜੂਦ ਨਹੀਂ ਸਨ, ਇਸ ਲਈ ਪੰਜਾਬੀ ਭਾਸ਼ਾ ਹੀਂ ਨਹੀਂ ਉਥੇ ਦੇ ਬਹੁਤਾਂਤ ਔਂਲ ਸ਼ਬਦਾਂ ਦਾ ਗਿਆਨ ਹੋਣਾ ਵੀ ਜਰੂਰੀ ਸੀ। ਪਰ ਅਜ ਕੱਲ ਤੇ ਦੁਨੀਆਂ ਦੀ ਹਰੇਕ ਭਾਸ਼ਾ ਅੰਦਰ ਟੀਕਾ ਮੌਜੂਦ ਹੈ ਬੱਚੇ ਜਿਹੜੀ ਭਾਸ਼ਾ ਸਹੀ ਜਾਣਦੇ ਹਨ ਉਸੇ ਵਿਚ ਹੀ ਗੁਰੂ ਸਾਹਿਬ ਜੀ ਦੀ ਬਾਣੀ ਦੇ ਅਰਥ ਜਾਣ ਸਕਦੇ ਹਨ। ਉਹਨਾਂ ਦੇ ਗਿਆਨ ਹਿਤ ਦੱਸਣਾ ਚਾਹਾਂਗਾ ਕਿ ਇਕ ਜਰਮਨ ਪਾਦਰੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਝ ਭਾਗਾਂ ਦਾ ਅਨੁਵਾਦ ਕੀਤਾ ਸੀ। ਇਹ ਕੰਮ ਉਸਨੇ ਇੰਡੀਆ ਆਫਿਸ ਦੇ ਖਰਚ ਤੇ ਉਸ ਦੇ ਪ੍ਰਭਾਵ ਹੇਠ ਕੀਤਾ ਸੀ, ਪਰ ਉਹ ਅਨੁਵਾਦ ਮੂਲੋਂ ਹੀ ਗਲਤ ਸੀ ਤੇ ਉਸਦੀ ਬੋਲੀ ਵੀ ਮੁਹਾਵਰੇ ਵਾਲੀ ਨਹੀਂ ਹੈ। ਉਸਨੇ ਦੂਜੇ ਮਤਾਂ ਦੇ ਵਿਰੋਧ ਵਿਚ ਘ੍ਰਿਣਾ ਦਾ ਭਾਵ ਰੱਖ ਕੇ ਇਹ ਕੰਮ ਕੀਤਾ ਸੀ। ਸਿੱਖ ਗੁਰੂਆਂ ਨੂੰ, ਸਿੱਖਾਂ ਦੇ ਪਵਿੱਤਰ ਗ੍ਰੰਥ ਨੂੰ ਅਤੇ ਸਿੱਖਾਂ ਦੇ ਧਰਮ ਨੂੰ ਪਾਦਰੀ ਨੇ ਜਿਸ ਵੇਲੇ ਵੀ ਉਸਦਾ ਦਾਅ ਲੱਗਾ, ਬਦਨਾਮ ਕੀਤਾ। ਇਹ ਤੇ ਸਾਡੇ ਜਰਮਨ ਦੀ ਘਟਨਾ ਹੈ ਜੋ ਨਿਤਨੇਮ ਦੀਆਂ ਬਾਣੀਆਂ ਜਰਮਨ ਭਾਸ਼ਾ ਵਿਚ ਹਨ ਉਹ ਵੀ ਬਿਲਕੁਲ ਅਸਲ ਤੋਂ ਉਲਟ ਹਨ ਤੇ ਅਜਿਹੇ ਹੀ ਕਾਰੇ ਬਹੁਤ ਲੋਕਾਂ ਨੇ ਅਲੱਗ ਅਲੱਗ ਭਾਸ਼ਾਵਾਂ ਵਿਚ ਕੀਤੇ ਹਨ।

ਜੇ ਅੱਜ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਦੀ ਸਹੀ ਜਾਣਕਾਰੀ ਦਿਵਾਉਨੇ ਹਾਂ ਤਾਂ ਜਿਹੜੀ ਵਿਦੇਸ਼ੀ ਭਾਸ਼ਾਂ ਤੇ ਉਹਨਾਂ ਦੀ ਪਕੜ ਹੈ। ਉਹ ਉਸ ਵਿਚਲੇ ਟੀਕੇ ਦੀਆਂ ਗਲਤੀਆਂ ਨੂੰ ਉਜਾਗਰ ਕਰਕੇ ਸਹੀ ਕਰਵਾ ਸਕਦੇ ਹਨ। ਵਰਨਾ ਜੋ ਕਾਰਜ ਗਲਤ ਸੋਚ ਦੇ ਧਾਰਨੀਆਂ ਨੇ ਪੈਸੇ ਦੇ ਕੇ ਕਰਵਾਏ ਉਹ ਉਵੇਂ ਹੀ ਪ੍ਰਚਲਿਤ ਹੋ ਜਾਣਗੇ ਤੇ ਫਿਰ ਉਸ ਅੰਦਰਲੀ ਰਲ ਗੱਢ ਕੱਢਣ ਲਈ ਬਹੁਤ ਜਿਆਦਾ ਮਸ਼ੱਕਤ ਕਰਨੀ ਪੈਣੀ। ਕਿਉਂ ਜੁ ਪੁਰਾਤਨ ਰਵਾਈਤੀ ਗਿਆਨੀ ਵੀ ਹੌਲੀ ਹੌਲੀ ਪੰਥ ਅੰਦਰੋਂ ਖਤਮ ਹੁੰਦੇ ਜਾ ਰਹੇ ਹਨ। ਇਕ ਦੋ ਪੀੜ੍ਹੀਆਂ ਬਾਅਦ ਏਨੀਆਂ ਮੁਸ਼ਕਿਲਾਂ ਨਾਲ ਪੜ੍ਹੇ ਹੋਏ ਸਿੱਖ ਵੀ ਬਾਣੀ ਨੂੰ ਸਮਝ ਨਹੀਂ ਸਕਣਗੇ।

ਅਗਲੀ ਗੱਲ ਪੰਜਾਬੀ ਬੋਲੀ ਵਿਚ ਵੀ ਬੜੀ ਤੇਜੀ ਨਾਲ ਤਬਦੀਲੀ ਆ ਰਹੀ ਹੈ। ਬਚਪਨ ਵਿਚ ਮਨੁੱਖ ਜਿਹੜੇ ਸ਼ਬਦ ਵਰਤੋਂ ਵਿਚ ਲਿਆਉਂਦੇ ਸਨ, ਹੁਣ ਉਹ ਜੁਆਨ ਹੋ ਕੇ ਉਹ ਸ਼ਬਦ ਨਹੀਂ ਵਰਤਦੇ ਕਿਉਂਕਿ ਉਹਨਾਂ ਨੂੰ ਪੁਰਾਣੇ ਲੱਗਣ ਲੱਗ ਪਏ ਹਨ। ਉਹਨਾਂ ਸ਼ਬਦਾਂ ਦੀ ਥਾਂ ਨਵਿਆਂ ਨੇ ਆ ਕੇ ਸਾਂਭ ਲਈ ਹੈ। ਜਿਵੇਂ ਸਾਡੇ ਵਕਤ ਫੌਜੀ ਕਿਹਾ ਜਾਂਦਾ ਸੀ ਅੱਜ ਫੋਜੀ ਗਿਆ, ਕੌਲੀ ਹੁਣ ਕੋਲੀ ਬਣ ਗਈ, ਵੇਲਾ ਹੈ ਬੱਚਿਆਂ ਨੂੰ ਮੂਲ ਪੰਜਾਬੀ ਸਭਿਅਤਾ ਦੇ ਅੱਖਰਾਂ ਨਾਲ ਜੋੜਨ ਦਾ ਜੇ ਕੈਪਾਂ ਅੰਦਰ ਲੈ ਕੇ ਜਾਣ ਦਾ ਸਮਾਂ ਨਹੀਂ ਤਾਂ ਸਾਡੇ ਬਹੁਤ ਸਤਿਕਾਰਯੋਗ ਵੀਰ (ਰਾਜ ਕਾਕੜਾ ਜੀ) ਨੇ ਆਨਲਾਈਨ ਪੰਜਾਬੀ ਮੂਲ ਭਾਸ਼ਾ ਸਿਖਾਉਣ ਲਈ ਸਕੂਲ ਸ਼ੁਰੂ ਕੀਤਾ, ਜਿਸ ਵਿਚ ਹਰੇਕ ਮੁਲਕ ਦੇ ਸਮੇਂ ਦੇ ਹਿਸਾਬ ਨਾਲ ਕਲਾਸਾਂ ਦਾ ਪ੍ਰਬੰਧ ਹੈ।

ਮੇਰੀ ਭੈਣ ਸਤਿਕਾਰ ਯੋਗ ਡਾ. ਵੀਰਪਾਲ ਕੌਰ ਜੀ ਇਹਨਾਂ ਕਲਾਸਾਂ ਨੂੰ ਆਪ ਲੈਂਦੇ ਹਨ। ਪੰਜਾਬੀ ਭਾਸ਼ਾ ਦਾ ਗਿਆਨ ਭੈਣ ਜੀ ਨੇ ਮਾਸਟਰ ਤੋਂ ਬਾਅਦ ਡਾਕਟਰੇਟ ਤੱਕ ਹਾਸਿਲ ਕੀਤਾ ਤੇ ਹੋਰ ਵਧੀਆ ਗੱਲ ਇਹ ਹੈ ਕਿ ਵੀਰ ਜੀ ਨੇ ਮੂਲ ਸ਼ਬਦਾਂ ਨੂੰ ਜਿਉਂਦੇ ਰੱਖਣ ਲਈ ਸੰਪਰਦਾਵਾਂ ਦੇ ਸਿੱਖੇ ਹੋਏ ਸਿੰਘਾਂ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਹੈ ਤਾਂ ਜੋ ਹਰੇਕ ਪੱਖੋਂ ਇਸ ਸਕੂਲ ਵਿਚ ਸਿਖਾਈ ਜਾਣ ਵਾਲੀ ਸਾਡੀ ਮਾਂ ਬੋਲੀ ਦੀ ਵਧੇਰੇ ਤੇ ਮੂਲ ਜਾਣਕਾਰੀ ਅਗਲੀ ਪੀੜ੍ਹੀ ਤੱਕ ਪਹੁੰਚਾਈ ਜਾਵੇ। ਲਿੰਕ ਮੈਂ ਹੇਠਾਂ ਕੁਮੈਂਟ ਬਾਕਸ ਅੰਦਰ ਪਾ ਰਿਹਾ ਹਾਂ ਜਿਹਨਾਂ ਦਾ ਵੀ ਮਨ ਹੈ ਆਪਣੀ ਪੀੜ੍ਹੀ ਨੂੰ ਆਪਣੇ ਸਭਿਆਚਾਰ ਤੇ ਮਾਂ ਬੋਲੀ ਨਾਲ ਜੋੜਨ ਦਾ ਉਹ ਇਕ ਵਾਰ ਜਰੂਰ ਜਾ ਕੇ ਇਸ ਸਕੂਲ ਨਾਲ ਜੁੜਿਓ ।

**ਧੰਨਵਾਦ ਸਹਿਤ**
**ਸੁਰਜੀਤ ਸਿੰਘ ਜਰਮਨੀ** (**ਡਾ.**)

# ਪੰਜ ਪਾਂਡੋ ਅਸਲ ਵਿੱਚ ਪੰਜ ਵਿਕਾਰ ਕਾਮ ਕ੍ਰੋਧ ਲੋਭ ਮੋਹ ਹੰਕਾਰ ਹਨ



”ਬਰਫ ਤੋਂ ਪੈਰ ਤਿਲਕਿਆ ਦਰੋਪਦੀ ਡਿੱਗੀ, ਸਿਰ ਵਿੱਚ ਡੂੰਘੀ ਸੱਟ ਵੱਜੀ ਭੀਮ ਭੱਜ ਕੇ ਆਇਆ, ਦਰੋਪਦੀ ਦਾ ਸਿਰ ਆਪਣੀ ਗੋਦ ਚ ਰੱਖ ਕੇ ਆਂਹਦਾ, ਇਉਂ ਜਾਪਦਾ ਜਿਵੇਂ ਹੁਣ ਤੇਰੇ ਆਖਰੀ ਸਵਾਸ ਹਨ! ਪਾਚਾਂਲੀ ਆਖਰੀ ਖਵਾਹਿਸ਼ ਦੱਸ? ਦਰੋਪਦੀ ਲਹੂ ਲੁਹਾਣ ਬੋਲੀ ਤੁਸੀਂ ਭਗਵਾਨ ਹੋ ਜੋ ਆਖਰੀ ਖਵਾਹਿਸ਼ ਪੂਰੀ ਕਰ ਸਕਦੇ ਹੋ? ਭੀਮ ਬੋਲਿਆ! ਨਹੀਂ ਮੈਂ ਪ੍ਰਮਾਤਮਾ ਅੱਗੇ ਪ੍ਰਾਥਨਾ ਕਰਾਂਗਾ! ਆਖਰੀ ਖਵਾਹਿਸ਼ ਦੱਸ? ਦਰੋਪਦੀ ਬੋਲੀ ”ਦਿਲ ਕਰਦੈ ਇਕ ਵਾਰ ਫੇਰ ਜਹਾਨ ਤੇ ਆਈਏ। ਆਪਣੇ ਰਿਸ਼ਤੇ ਨਵੇਂ ਹੋਣ। ਤੁਸੀਂ ਪੰਜੇ ਮੇਰੇ ਭਰਾ ਹੋਵੋ, ਮੈਂ ਤੁਹਾਡੀ ਛੋਟੀ ਭੈਣ, ਅਜੇ ਇਤਨਾ ਹੀ ਬੋਲੀ ਭੀਮ ਵਿਚੋਂ ਬੋਲ ਉਠਿਆ ਪਾਂਚਾਲੀ! ਤੇਰੇ ਦਿਲ ਵਿਚ ਕਿਉਂ ਆਇਆ ਕਿ ਤੂੰ ਸਾਡੀ ਭੈਣ ਹੋਵੇਂ? ਦਰੋਪਦੀ ਬੋਲੀ ਜੇ ਮੈਂ ਤੁਹਾਡੀ ਇਸ ਜਨਮ ਭੈਣ ਹੁੰਦੀ, ਤੁਸੀਂ ਮਰ ਜਾਣਾ ਸੀ, ਚੀਰਹਰਨ ਨਹੀਂ ਸੀ ਹੋਣ ਦੇਣਾ! ਕਿਉਂਕਿ ਪਤਨੀ ਸਾਂ, ਤੁਸੀਂ ਜੂਏ ਵਿਚ ਹਾਰੀ ਤੇ ਚੀਰਹਰਨ ਹੁੰਦਾ ਦੇਖਿਆ।”

”ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ”

ਵੱਡੇ ਵਡੇਰੇ ਇਸ਼ਾਰਿਆਂ ਰਾਹੀਂ ਰਮਜ਼ਾਂ ਸਮਝਾਇਆ ਕਰਦੇ ਹਨ। ਪੰਜ ਪਾਂਡੋ ਅਸਲ ਵਿੱਚ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਹੰਕਾਰ ਹਨ ਤੇ ਆਪਾਂ ਸਾਰੇ ਦਰੋਪਤੀਆਂ ਹਾਂ। ਜਿਹੜੀ ਦਰੋਪਤੀ ਇਨ੍ਹਾਂ ਪੰਜਾਂ ਨੂੰ ਖਸਮ ਧਾਰਨ ਕਰੇਗੀ ਉਸਦਾ ਚੀਰਹਰਨ ਹੋਣਾ ਯਕੀਨੀ ਹੈ। ” ਕੇਸੋਂ ਪਕੜ ਪਾਂਚਾਲੀ ਬਾਂਦੀ”

ਦੂਜੇ ਪਾਸੇ ਜੇ ਅੱਜ ਵਾਲੇ ਸਮੇਂ ਚ ਸਿੱਖਾਂ ਦੀ ਹਾਲਾਤ ਦੇਖਣੀ ਹੋਵੇ ਤਾਂ ਉਹ ਵੀ ਪਾਂਚਾਲੀ ਦੀ ਉਹ ਹਾਲਤ ਹੈ ਜੋ ਪੰਜਾਂ ਨੂੰ ਖਸਮ ਧਾਰਨ ਕਰਕੇ ਹੋਈ। ਜਿਵੇਂ ਚੀਰਹਰਨ ਤੋਂ ਪਹਿਲਾਂ ਕੌਰਵ ਤੇ ਪਾਂਡਵ ਸਿਰਫ ਸ਼ਰੀਕ ਸਨ। ਪਰ ਬਾਅਦ ਵਿਚ ਇਕ ਦੂਜੇ ਦੇ ਦੁਸ਼ਮਣ ਬਣ ਗਏ ਉਹੋ ਜਿਹੀ ਹਾਲਤ ਅਖੌਤੀ ਅਜਾਦੀ ਦੇ ਬਾਅਦ ਪੰਜਾਬ ਤੇ ਦਿੱਲੀ ਦੀ ਹੋਈ। ਪੰਜਾਬ ਰੂਪੀ ਦਰੋਪਦੀ ਦਾ ਜਦ ਚੀਰਹਰਣ ਹੋਇਆ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਤਾਂ ਉਸਦੇ ਬਾਅਦ ਦਿੱਲੀ ਤਖਤ ਨਾਲ ਜਿਵੇਂ ਦੁਸ਼ਮਣੀ ਵਾਲਾ ਮਾਹੌਲ ਸਿਰਜਿਆ ਗਿਆ। ਹਾਂਲਾਕਿ ਜਦੋਂ ਯੁਧਿਸਟਰ ਆਪਣੇ ਆਪ ਨੂੰ ਪਹਿਲਾਂ ਹੀ ਜੂਏ ਵਿਚ ਹਾਰ ਗਿਆ ਸੀ। ਉਸ ਕੋਲ ਕੋਈ ਵੀ ਹੱਕ ਨਹੀਂ ਸੀ ਬਚਦਾ ਕਿ ਉਹ ਪਾਂਚਾਲੀ ਨੂੰ ਦਾਅ ਤੇ ਲਾ ਸਕਦਾ ਪਰ ਉਸਨੇ ਨੈਤਿਕਤਾ ਦੀ ਪਰਵਾਹ ਕੀਤੇ ਬਗੈਰ ਇਹ ਕੀਤਾ। ਇਹ ਦਾਅ ਪੰਜਾਬ ਦੇ ਲੀਡਰਾਂ ਨੇ ਖੇਡਿਆ ਜਿਹੜੇ ਪਹਿਲਾਂ ਹੀ ਆਪਣੇ ਆਪ ਨੂੰ ਦਿੱਲੀ ਦੇ ਦਲਾਲ ਬਣਕੇ ਦਿੱਲੀ ਮੂਹਰੇ ਹਾਰ ਚੁੱਕੇ ਸਨ, ਉਹਨਾਂ ਨੂੰ ਕੋਈ ਹੱਕ ਨਹੀਂ ਸੀ ਕਿ ਉਹ ਪੰਜਾਬ ਨੂੰ ਦਾਅ ਤੇ ਲਾਉਂਦੇ ਪਰ ਉਹਨਾਂ ਨੇ ਪੰਜਾਬ ਦੀ ਆਵਾਮ ਦੀਆਂ ਕਦਰਾਂ ਕੀਮਤਾਂ ਦੀ ਪਰਵਾਹ ਕੀਤੇ ਬਗੈਰ ਪੰਜਾਬ ਨੂੰ ਦਾਅ ਤੇ ਲਾਇਆ ਤੇ ਜੂਏ ਚ ਹਾਰ ਗਏ। **ਸੁਰਜੀਤ ਸਿੰਘ** (**ਡਾ.**)

## ਮਿਲਾਵਟ ਦੇ ਨਿਸ਼ਾਨ - ਹਸਪਤਾਲਾਂ ਦੀਆਂ ਲਾਈਨਾਂ

**ਸਮਾਜ** ਅੱਗੇ ਵਧ ਰਿਹਾ ਹੈ।ਤਕਨੀਕ, ਵਿਗਿਆਨ, ਤੇ ਆਧੁਨਿਕਤਾ ਦੀਆਂ ਚਮਕਦਾਰ ਰੋਸ਼ਨੀਆਂ ਵਿਚ। ਪਰ ਇਹ ਰੋਸ਼ਨੀਆਂ ਸਾਡੇ ਲਈ ਕਿੰਨੀਆਂ ਤਕਲੀ.ਫ਼ਦਾਇਕ ਹਨ, ਜਦ ਉਹ ਸਾਨੂੰ ਮਿਲਾਵਟਖੋਰੀ ਵਾਂਗ ਸਮਾਜਕ ਬਿਮਾਰੀਆਂ ਵੱਲ ਅੰਨ੍ਹਾ ਕਰ ਦਿੰਦੇ ਹਨ।ਅੱਜ ਅਸੀਂ ਦੁੱਧ ਪੀ ਰਹੇ ਹਾਂ,ਪਰ ਅਸਲ ਵਿੱਚ ਸਾਬਣ ਮਿਲਿਆ ਪਾਣੀ, ਮਾਵਾ ਖਾ ਰਹੇ ਹਾਂ ਪਰ ਅੰਦਰ ਸਿੰਥੈਟਿਕ ਰੰਗ, ਮਿਰਚਾਂ ਦੀ ਥਾਂ ਇੱਟਾਂ ਦਾ ਬੁਰਾਦਾ। ਇਹ ਕੋਈ ਕਲਪਨਾ ਨਹੀਂ, ਸੱਚ ਹੈ। ਅਜਿਹੀ ਮਿਲਾਵਟ ਨਾ ਸਿਰ.ਫ਼ ਸਿਹਤ ਦਾ ਨਾਸ ਕਰ ਰਹੀ ਹੈ, ਸਗੋਂ ਆਮ ਆਦਮੀ ਦੀ ਭਰੋਸੇ ਨੂੰ ਵੀ ਹਿਲਾ ਰਹੀ ਹੈ।

ਮਿਲਾਵਟਖੋਰੀ ਇੱਕ ਮੌਨ ਵਾਲਾ ਜ਼ਹਿਰ ਹੈ।ਮਿਲਾਵਟਖੋਰੀ ਸਿੱਧੀ ਤਰ੍ਹਾਂ ਕਿਸੇ ਨੂੰ ਗੋਲੀ ਮਾਰਣ ਵਰਗੀ ਨਹੀਂ, ਪਰ ਇਹ 'ਚੁੱਪ-ਚਾਪ ਮੌਤ' ਵਰਗੀ ਹੈ। ਲੋਕ ਖਾਂਦੇ ਰਹਿੰਦੇ ਹਨ, ਬੀਮਾਰ ਲੱਗਦੀਆਂ ਰਹਿੰਦੀਆਂ ਹਨ , ਤੇ ਹਸਪਤਾਲਾਂ ਵਿੱਚ ਲਾਈਨਾਂ ਲੱਗੀਆਂ ਰਹਿੰਦੀਆਂ ਹਨ। ਜੇ ਤੁਸੀਂ ਕਦੇ ਵੀ ਕਿਸੇ ਸਰਕਾਰੀ ਹਸਪਤਾਲ ਦੀ ਓ.ਪੀ.ਡੀ. ਦੇ ਬਾਹਰ ਲਾਈਨ ਦੇਖੀ ਹੋਵੇ ਤਾਂ ਤੁਹਾਨੂੰ ਇਹ ਲ.ਫ਼ਜ਼ 'ਮਿਲਾਵਟ ਦੇ ਨਿਸ਼ਾਨ' ਸੱਚ ਲੱਗਣ ਲੱਗਣਗੇ। ਲਾਭ ਦੀ ਲਾਲਚ ਜਾਂ ਨੈਤਿਕਤਾ ਦੀ ਮੌਤ?ਇਹ ਸਿਰ.ਫ਼ ਵਿਕਰੇਤਿਆਂ ਦੀ ਲਾਲਚ ਨਹੀਂ, ਸਗੋਂ ਸਰਕਾਰ, ਨਿਗਰਾਨੀ ਸਿਸਟਮ ਅਤੇ ਸਾਡੀ ਨਾਗਰਿਕ ਚੁੱਪੀ ਵੀ ਉਤਨੀ ਹੀ ਜ਼ਿੰਮੇਵਾਰ ਹੈ। ਜਦ ਅਸੀਂ ਮਿਲਾਵਟੀ ਚੀਜ਼ ਖਰੀਦਣ 'ਤੇ ਵੀ ÷ਚਲੋ ਕੋਈ ਗੱਲ ਨਹੀਂ÷ ਕਹਿ ਦਿੰਦੇ ਹਾਂ, ਅਸੀਂ ਵੀ ਉਸ ਜ਼ਹਿਰ ਨੂੰ ਸਹਿਮਤ ਹੋ ਕੇ ਖਾਂਦੇ ਹਾਂ।ਕਿ ਹੱਲ ਹੋ ਸਕਦਾ ਹੈ?ਸਖ਼ਤ ਕਾਨੂੰਨ ਬਨਣ ਅਤੇ ਲਾਗੂ ਹੋਣ ਚਾਹੀਦੇ ਹਨ।ਖ਼ੁਦ ਨਾਗਰਿਕ ਹੋਣ ਦੇ ਨਾਤੇ ਅਸੀਂ ਵੀ ਸ਼ਿਕਾਇਤ, ਜਾਂਚ ਅਤੇ ਸਾਵਧਾਨੀ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ।ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਵੀ ਮਿਲਣੀ ਚਾਹੀਦੀ ਹੈ ।ਜਿਥੇ ਲਾਭ ਨਹੀਂ, ਇਮਾਨਦਾਰੀ ਮੁੱਲ ਬਣੇ। ਸੋਚੋ ਕੀ ਖਾ ਰਹੇ ਹੋ?ਇਹ ਲੇਖ ਸਿਰ.ਫ਼ ਪੜ੍ਹਨ ਲਈ ਨਹੀਂ, ਜਾਗਣ ਲਈ ਹੈ। ਜੇ ਅਸੀਂ ਅੱਜ ਵੀ ਚੁੱਪ ਰਹੇ, ਤਾਂ ਕੱਲ੍ਹ ਸਾਡੀਆਂ ਔਲਾਦਾਂ ਲਈ ਸਿਰ.ਫ਼ ਹਸਪਤਾਲਾਂ ਦੀਆਂ ਲਾਈਨਾਂ ਹੀ ਵਿਰਾਸਤ ਵਜੋਂ ਛੱਡਾਂਗੇ। 'ਮਿਲਾਵਟਖੋਰੀ ਨੂੰ ਰੋਕਣ ਲਈ ਕਾਨੂੰਨ ਬਣਵਾਓ,ਪਰ ਕਿਰਦਾਰ ਵੀ ਬਦਲੋ' ਕਿਉਂਕਿ ਖ਼ਤਰਾ ਸਿਰ.ਫ਼ ਪਲੇਟ ਵਿੱਚ ਨਹੀਂ, ਸਾਡੀ ਨੀਅਤ ਵਿੱਚ ਵੀ ਹੁੰਦਾ ਹੈ।'

**ਮੰਜੂ ਰਾਇਕਾ।**

# ਬੜਾ ਡਰਾਉਂਦੀਆਂ ਨੇ ਖਬਰਾਂ !



ਅੱਜਕਲ੍ਹ ਮਨੁੱਖ ਨੂੰ ਆਧੁਨਿਕਤਾ ਦਾ ਰੰਗ ਚੜ੍ਹ ਆ ਹੋਇਆ ਹੈ। ਇਸੇ ਕਰਕੇ ਉਹ ਡਰਿਆ ਹੋਇਆ ਹੈ। ਉਸਦੇ ਡਰ ਦੇ ਕਾਰਨ ਇੱਕ ਨਹੀਂ ਅਨੇਕ ਦੁੱਖ, ਦਰਦ, ਝੋਰੇ ਤੇ ਮੋਰੇ ਹਨ। ਇਹ ਇਹਨਾਂ ਮੋਰਿਆ ਨੂੰ ਬੰਦ ਕਰਨ ਲਈ ਚੌਵੀ ਘੰਟੇ ਮਿਹਨਤ ਕਰਦਾ ਹੈ। ਉਹ ਇੱਕ ਮੋਰਾ ਬੰਦ ਕਰਦਾ ਹੈ ਤੇ ਦੂਜੇ ਪਾਸੇ ਕਈ ਹੋਰ ਮੋਰੇ ਤੇ ਮੋਰੀਆਂ ਨਿਕਲ ਆਉਂਦੀਆਂ ਹਨ। ਜਦੋਂ ਉਹ ਅਨਪੜ੍ਹ ਸੀ, ਉਦੋਂ ਬੜਾ ਸੁੱਖ ਦੀ ਨੀਂਦ ਸੌਂਦਾ ਸੀ। ਉਸ ਦਾ ਤੀਜਾ ਨੇਤਰ ਕੀ ਖੁੱਲ੍ਹਿਆ ਉਸਨੇ ਉਸਨੂੰ ਜਿਉਣਾ ਭੁਲਾ ਦਿੱਤਾ ਹੈ। ਹੁਣ ਉਹ ਹਰ ਵੇਲੇ ਡਰ ਡਰ ਕੇ ਉੱਠਦਾ ਹੈ। ਡਰ ਉਸਨੂੰ ਆਪਣੀ ਹੋਂਦ ਬਚਾਉਣ ਦਾ ਹੈ। ਕਿਉਂਕਿ ਉਸਦੇ ਆਲੇ ਦੁਆਲੇ ਗਿਰਝਾਂ ਤੇ ਬਾਜਾਂ ਦੀ ਡਾਰ ਘੁੰਮਦੀ ਫਿਰਦੀ ਹੈ। ਉਸਦਾ ਮਾਸ ਖਾਣ ਲਈ ਚੀਕ ਚਿਹਾੜਾ ਪਾਇਆ ਹੋਇਆ ਹੈ। ਜਦੋਂ ਦਾ ਇਹ ਟੀਵੀ ਆਇਆ ਹੈ, ਉਸਨੂੰ ਲੱਗਦਾ ਸੀ ਕਿ ਦੋ ਘੜੀਆਂ ਸਕੂਨ ਮਿਲਿਆ ਕਰੇਗਾ ਤੇ ਨਾਲੇ ਉਹ ਟੀਵੀ ਉੱਤੇ ਫਿਲਮ ਦੇਖਿਆ ਕਰੇਗਾ। ਉਸਦਾ ਇਹ ਭ੍ਰਮ ਵੀ ਛੇਤੀ ਕਫੂਰ ਵਾਂਗੂੰ ਉਡ ਗਿਆ। ਉਹ ਹੱਥ ਮਲ?ਦਾ ਹੀ ਰਹਿ ਗਿਆ। ਉਹ ਹੱਥ ਉਦੋਂ ਮਲ?ਦਾ ਸੀ, ਜਦੋਂ ਉਹ ਆਪਣੇ ਪੌਣੇ ਵਿੱਚੋਂ ਰੋਟੀ ਖਾਣ ਲਈ ਉੱਠਦਾ ਸੀ। ਉਦੋਂ ਉਹ ਹੱਥਾਂ ਨੂੰ ਮਗਰ ਫੇਰ ਕੇ ਸਾਫ਼ ਕਰਦਾ। ਰੋਟੀ ਖਾਂਦਾ ਤੇ ਫੇਰ ਆਪਣੀਆਂ ਮੋਰੀਆਂ ਬੰਦ ਕਰਨ ਲਈ ਕੰਮ ਕਰਦਾ। ਉਸ ਦੀ ਮਿਹਨਤ ਤੇ ਪਸੀਨੇ ਦਾ ਓਨਾ ਮੁੱਲ ਨਾ ਮਿਲ?ਦਾ, ਜਿੰਨਾ ਉਹ ਆਪਣਾ ਖੂਨ ਪਸੀਨੇ ਨੂੰ ਡੋਲਦਾ ਸੀ। ਉਸਨੂੰ ਸਮਝ ਨਹੀਂ ਸੀ ਆਉਂਦੀ ਕਿ ਉਸਦੀ ਮੁੜ੍ਹਕੇ ਦੀ ਖੁਸ਼ਬੋਈ ਨੂੰ ਕੌਣ ਚੁਰਾ ਕੇ ਲੈ ਜਾਂਦਾ ਹੈ। ਉਹ ਹਰ ਸ਼ਾਮ ਸੋਚਦਾ ਕੋਈ ਨਹੀਂ ਕੱਲ੍ਹ ਨੂੰ ਕੋਈ ਜੁਗਾੜ ਕਰਦੇ ਹਾਂ। ਉਹ ਨਾ ਜੁਗਾੜੀ ਬਣਿਆ ਤੇ ਨਾ ਉਹਦੇ ਘਰ ਦੀਆਂ ਮੋਰੀਆਂ ਬੰਦ ਹੋਈਆਂ।

ਆ ਜਦੋਂ ਦੀ ਜੰਗ ਲੱਗਣ ਦੀਆਂ ਖਬਰਾਂ ਆਉਣ ਲੱਗੀਆਂ ਹਨ। ਉਹਦਾ ਸ਼ਾਹ ਸੁੱਕਣ ਲੱਗਿਆ ਹੈ। ਉਹ ਘੜੀ ਮੁੜੀ ਪਾਣੀ ਪੀਂਦਾ ਹੈ ਪਰ ਉਸਦੇ ਬੁੱਲ ਸੁੱਕਦੇ ਜਾ ਰਹੇ ਹਨ। ਅਸਮਾਨ ਵਿੱਚ ਬੱਦਲ ਵੀ ਉਸਨੂੰ ਜਹਾਜ਼ ਲੱਗਦੇ ਹਨ। ਪਹਿਲਾਂ ਜਦੋਂ ਕਦੇ ਜਹਾਜ਼ ਲੰਘਦਾ ਸੀ ਤਾਂ ਉਹ ਖੁਸ਼ੀ ਨਾਲ ਝੂਮ ਉੱਠਦਾ ਸੀ। ਉਦੋਂ ਉਹ ਨਿਆਣਾ ਸੀ, ਉਸਨੂੰ ਇਹ ਜਹਾਜ਼ ਬੜੇ ਸੋਹਣੇ ਲੱਗਦੇ ਸਨ। ਸੜਕ ਕਿਨਾਰੇ ਬੈਠਾ ਉਹ ਫੌਜੀਆਂ ਦੀਆਂ ਲੰਘਦੀਆਂ ਗੱਡੀਆਂ ਨੂੰ ਤੱਕਦਾ ਤੇ ਉਹ ਫੌਜੀਆਂ ਨੂੰ ਸਲੂਟ ਮਾਰਦਾ ਖ਼ੁਸ਼ ਹੁੰਦਾ ਸੀ। ਉਸਨੂੰ ਫੌਜੀ ਚੰਗੇ ਲੱਗਦੇ ਸਨ। ਉਹ ਨਹੀਂ ਸੀ ਜਾਣਦਾ ਇਹ ਫੌਜੀ ਕੌਣ ਹਨ। ਪਰ ਜਦੋਂ ਉਹ ਜਵਾਨ ਹੋਇਆ ਤਾਂ ਉਹੀ ਫੌਜੀਆਂ ਨੇ ਉਹਦੇ ਰੱਬ ਦਾ ਘਰ ਢਾਹ ਦਿੱਤਾ। ਉਸਨੂੰ ਉਹੀ ਫੌਜੀ ਵਿਊ ਵਰਗੇ ਲੱਗਦੇ ਸਨ। ਉਸਨੇ ਜਦੋਂ ਡਾਕਟਰ ਹਰਿਭਜਨ ਦੀ ਕਵਿਤਾ ਫੌਜਾਂ ਕਿਸ ਦੇਸ਼ ਤੋਂ ਆਈਆਂ ਪੜ੍ਹੀ ਤਾਂ ਪਤਾ ਲੱਗਿਆ ਕਿ ਫੌਜਾਂ ਦਾ ਮਾਲਕ ਕੋਈ ਹੋਰ ਹੈ। ਉਹ ਤਾਂ ਕਠਪੁਤਲੀਆਂ ਵਾਂਗ ਵਿਚਰਦੇ ਹਨ। ਉਹਨਾਂ ਦੀਆਂ ਡੋਰਾਂ ਕਿਸੇ ਹੋਰ ਦੇ ਹੱਥ ਹਨ। ਉਸਨੂੰ ਉਹ ਹੱਥ ਨਜ਼ਰ ਨਹੀਂ ਆਉਂਦੇ। ਉਹ ਕਿਹੜੇ ਹੱਥ ਹਨ, ਜਿਹੜੇ ਉਸਦੇ ਮੁੜ੍ਹਕੇ ਦੀ ਮਹਿਕ ਖੋਹ ਕੇ ਲੈਣ ਜਾਂਦੇ ਹਨ। ਜਦੋਂ ਹੁਣ ਜੰਗ ਦੀਆਂ ਫੇਰ ਖਬਰਾਂ ਆਉਣ ਲੱਗੀਆਂ ਹਨ ਤਾਂ ਉਹ ਫੇਰ ਡਰਨ ਲੱਗਿਆ ਹੈ। ਟੀਵੀ ਚੈਨਲਾਂ ਉਤੇ ਕੇਵਲ ਖਬਰਾਂ ਹੀ ਨਹੀਂ ਆਉਂਦੀਆਂ। ਪਿੰਡਾਂ ਤੇ ਸ਼ਹਿਰਾਂ ਵਿੱਚ ਤਾਬੂਤ ਵੀ ਆਉਂਦੇ ਹਨ। ਜਿਹੜੇ ਉਸਦੇ ਕਾਲਜ਼ੇ ਵਿੱਚ ਛੇਕ ਪਾਉਂਦੇ ਹਨ। ਉਸ ਕੋਲੋਂ ਉਹ ਤਸਵੀਰਾਂ ਦੇਖੀਆਂ ਨਹੀਂ ਜਾਂਦੀਆਂ। ਉਹ ਆਪਣੇ ਆਪ ਨੂੰ ਸੰਭਾਲ ਕੇ ਰੱਖਣ ਦਾ ਯਤਨ ਕਰਦਾ ਹੈ। ਉਹ ਅੱਖਾਂ ਮੀਚ ਦਾ ਹੈ। ਕੋਈ ਹੋਰ ਉਸਦੇ ਦਿਮਾਗ ਵਿੱਚ ਵੜਦਾ ਹੈ ਤੇ ਉਸਨੂੰ ਪ੍ਰੇਸ਼ਾਨ ਕਰਨ ਲੱਗਦਾ ਹੈ। ਉਹ ਕੌਣ ਹੈ ਜੋਂ ਉਸਦੇ ਦਿਮਾਗ ਵਿੱਚ ਆਪ ਮੁਹਾਰੇ ਹੀ ਆ ਵੜਿਆ ਹੈ। ਉਸਨੂੰ ਖੇਤਾਂ ਵਿੱਚ ਨੱਚਦੇ ਮੋਰ ਨਹੀਂ ਸਗੋਂ ਪੁਲਿਸ ਨਾਲ ਭਿੜ ਰਹੇ ਉਹ ਕਿਰਤੀ ਕਿਸਾਨ ਨਜ਼ਰ ਆਉਂਦੇ ਹਨ। ਉਹ ਫੇਰ ਸਿਰ ਨੂੰ ਝਟਕਦਾ ਹੈ। ਅੱਖਾਂ ਮਲ?ਦਾ ਹੈ। ਜਦੋਂ ਖੋਲ੍ਹ ਕੇ ਵੇਖਦਾ ਹੈ ਤਾਂ ਉਸ ਦੀਆਂ ਧੀਆਂ ਤੇ ਪੁਤਾਂ ਨੂੰ ਪੁਲਿਸ ਕੁੱਟ ਰਹੀ ਹੈ। ਉਹ ਰੁਜ਼ਗਾਰ ਮੰਗਦੇ ਹਨ, ਪੁਲਿਸ ਉਹਨਾਂ ਨੂੰ ਛੱਲੀਆਂ ਵਾਂਗੂੰ ਕੁੱਟਦੀ ਹੈ। ਉਹ ਦੇਖਦਾ ਹੈ ਪੁਲਿਸ ਵਾਲਾ ਤਾਂ ਉਹਦਾ ਕੋਈ ਰਿਸ਼ਤੇਦਾਰ ਹੈ। ਕੋਈ ਭਰਾ ਤੇ ਭਤੀਜਾ ਹੈ, ਉਹ ਕੌਣ ਤੀਜਾ ਹੈ, ਜਿਹੜਾ ਇਹਨਾਂ ਨੂੰ ਇਸ਼ਾਰਾ ਕਰਦਾ ਹੈ। ਹੁਣ ਵੀ ਤਾਂ ਇਸ਼ਾਰਾ ਹੀ ਹੋਇਆ ਹੈ। ਉਹ ਟੀਵੀ ਚੈਨਲਾਂ ਉਤੇ ਭਾਸ਼ਣ ਤੇ ਰਾਸ਼ਨ ਦੇਣ ਵਾਲ?ਾ ਮੂਤ ਦੀ ਝੱਗ ਵਾਂਗੂੰ ਵਹਿ ਗਿਆ ਹੈ। ਉਹ ਜੰਗ ਦੇ ਨਾਮ ਉੱਤੇ ਸਿਆਸਤ ਕਰਦਾ ਹੈ। ਉਹ ਆਪਣੇ ਚਹੇਤਿਆਂ ਨੂੰ ਅੰਗੂਰੀਆਂ ਛਕਾਉਂਦਾ ਹੈ। ਇਸੇ ਕਰਕੇ ਉਹ ਜੰਗ ਜੰਗ ਕਰਦਾ ਹੈ। ਉਸਨੂੰ ਸੱਪ ਤੇ ਨਿਉਲੇ ਦੀ ਲੜਾਈ ਕਰਵਾ ਕੇ ਬਹੁਤ ਖੁਸ਼ੀ ਮਿਲਦੀ ਹੈ। ਉਹ ਬੜਾ ਮੱਕਾਰ ਤੇ ਮੀਸਣਾ ਹੈ। ਉਹ ਕਦੇ ਸਾਹਮਣੇ ਨਹੀਂ ਆਉਂਦਾ। ਨਾ ਹੀ ਕੋਈ ਸਵਾਲ ਜਵਾਬ ਕਰਦਾ ਹੈ। ਉਹ ਤਾਂ ਐਲਾਨ ਕਰਦਾ ਹੈ। ਉਸਨੇ ਸਾਡੇ ਅੰਦਰ ਡਰ ਦੀ ਫ਼ਸਲ ਬੀਜ ਦਿੱਤੀ ਹੈ। ਮੈਨੂੰ ਕਮਲਜੀਤ ਨੀਲੋਂ ਦਾ ਗਾਇਆ ਗੀਤ ਚੇਤੇ ਆਉਂਦਾ ਹੈ। ਜਿਹੜਾ ਇੱਕ ਬੱਚੇ ਦੇ ਮਨ ਵਿੱਚ ਮਾਊਂ ਦਾ ਡਰ ਪੈਦਾ ਕਰਕੇ ਉਸਨੂੰ ਸਵਾਉਣ ਦਾ ਯਤਨ ਕਰਦਾ ਹੈ। ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਏ। ਜਦੋਂ ਉਸ ਦਾ ਇਹ ਗੀਤ ਟੀਵੀ ਉਤੇ ਆਇਆ ਤਾਂ ਉਸ ਦਾ ਪਿਤਾ ਕੁਲਵੰਤ ਨੀਲੋਂ ਕਹਿੰਦਾ, ਤੂੰ ਠੀਕ ਕਿਹਾ ਪੁੱਤ ਅਜੇ ਲੋਕਾਂ ਨੂੰ ਸੌਂਣ ਦੀ ਲੋੜ ਹੈ। ਕਿਉਂਕਿ ਉਹ ਖ਼ੁਦ ਵੀ ਜਾਗਣ ਲਈ ਤਿਆਰ ਨਹੀਂ। ਇਹਨਾਂ ਨੂੰ ਸੁੱਤੇ ਪਏ ਰਹਿਣ ਦੇ।

ਉਹ ਹੈਰਾਨ ਰਹਿ ਗਿਆ ਹੈ ਕਿ ਅਨਪੜ੍ਹ ਲੋਕਾਂ ਨੂੰ ਇਹ ਪਤਾ ਲੱਗ ਗਿਆ ਹੈ ਕਿ ਗਿਰਝਾਂ ਆ ਰਹੀਆਂ ਹਨ ਪਰ ਪੜਿ ਆ ਲਿਖਿਆ ਵਰਗ ਕਿਉਂ ਨਹੀਂ ਜਾਗਦਾ? ਸਿਆਣੇ ਕਹਿੰਦੇ ਹਨ ਕਿ ਸੁੱਤੇ ਪਏ ਨੂੰ ਜਗਾਇਆ ਜਾ ਸਕਦਾ ਹੈ ਪਰ ਜਾਗਦਿਆਂ ਨੂੰ ਕੋਈ ਕਿਵੇਂ ਜਗਾਵੇ?

ਜੰਗ ਦੀਆਂ ਖਬਰਾਂ ਤੋਂ ਮੈਨੂੰ ਡਰ ਇਸ ਕਰਕੇ ਲੱਗਦਾ ਹੈ ਕਿ ਇਸ ਦੇ ਪਰਦੇ ਪਿੱਛੇ ਕੋਈ ਹੋਰ ਖੇਡ ਖੇਡੀ ਜਾ ਰਹੀ ਹੈ। ਜਿਵੇਂ ਸਮੁੰਦਰ ਵਿੱਚ ਪਨਡੁੱਬੀ ਨਹੀਂ ਦਿਖਦੀ। ਇਵੇਂ ਹੀ ਡੀਪ ਸਟੇਟ ਨਹੀਂ ਦਿਖਾਈ ਦੇਂਦੀ। ਸਾਨੂੰ ਦਿਖਾਇਆ ਕੁੱਝ ਹੋਰ ਜਾ ਰਿਹਾ ਹੈ ਤੇ ਹੋ ਕੁੱਝ ਹੋਰ ਰਿਹਾ ਹੈ। ਇਸੇ ਕਰਕੇ ਡਰ ਦਾ ਮਾਹੌਲ ਬਣਿਆ ਹੋਇਆ ਹੈ। ਖਾਂਦੇ ਪੀਂਦੇ ਘਰਾਂ ਨੇ ਆਪਣੇ ਘਰ ਸਮਾਨ ਨਾਲ ਭਰ ਲਏ ਹਨ। ਉਹਨਾਂ ਨੇ ਖਾਣ ਪੀਣ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਵਿਹਲੀਆਂ ਕਰ ਦਿਤੀਆਂ ਹਨ। ਉਹ ਨਹੀਂ ਜਾਣਦੇ ਜਿਹੜੇ ਨਿੱਤ ਖੂਹ ਪੁੱਟ ਕੇ ਪਾਣੀਂ ਪੀਂਦੇ ਹਨ, ਉਹਨਾਂ ਦਾ ਕੀ ਹਾਲ ਹੈ? ਹਾਲ ਤਾਂ ਹੁਣ ਭਾਈ ਮਾੜੇ ਹੀ ਲੱਗਦੇ ਹਨ। ਬੇਬੇ ਦੱਸਦੀ ਹੈ ਕਿ ਪੁੱਤ ਜਦੋਂ ਹੱਲੇ ਪਏ ਸਨ, ਉਦੋਂ ਵੀ ਐਵੇਂ ਡਰਾਇਆ ਜਾ ਰਿਹਾ ਸੀ। ਉਦੋਂ ਚਿੱਟੇ ਖੱਦਰ ਪਾਉਣ ਵਾਲੇ ਕਹਿੰਦੇ ਸੀ, ਆਜ਼ਾਦੀ ਆ ਰਹੀ ਹੈ। ਪੁੱਤ ਆਜ਼ਾਦੀ ਤਾਂ ਹੁਣ ਤੱਕ ਨਹੀਂ ਦੇਖੀ, ਆ ਚਿੱਟੀ ਚੁੰਨੀ ਜਰੂਰ ਰੋਜ਼ ਦੇਖਦੀ ਹਾਂ। ਮੈਨੂੰ ਡਰ ਲੱਗਦਾ ਹੈ ਕਿਤੇ ਮੇਰੀਆਂ ਧੀਆਂ ਵੀ ਇਹ ਚਿੱਟੀਆਂ ਚਾਦਰਾਂ ਨਾ ਲੈਣ। ਇਹ ਜੰਗ ਦੀਆਂ ਖ਼ਬਰਾਂ ਉਹਨਾਂ ਨੂੰ ਚੰਗੀਆਂ ਲੱਗਦੀਆਂ ਹਨ ਜਿਹੜੇ ਆਪਣੇ ਘਰਾਂ ਵਿੱਚ ਬੈਠ ਕੇ ਹੁਕਮ ਕਰਦੇ ਹਨ। ਪੁੱਤ ਮੇਰੇ ਕਾਲਜੇ ਲਾਟਾਂ ਬਲ ਦੀਆਂ ਹਨ। ਇਹ ਖ਼ਬਰਾਂ ਸੁਣ ਸੁਣ ਕੇ। ਬੰਦ ਕਰ ਇਸਨੂੰ ਕੀ ਬਕਵਾਸ ਕਰਨ ਲੱਗਿਆ ਹੋਇਆ ਹੈ। ਅਸੀਂ ਕਰਾਚੀ ਤੇ ਕਬਜ਼ਾ ਕਰ ਲਿਆ। ਤੇਰੀ ਮਾਂ ਉਤੇ ਕਬਜ਼ਾ ਕਰ ਲਿਆ ਹੈ, ਇਹ ਨੀਂ ਦੱਸਦਾ। ਕਿਵੇਂ ਗਲ?ੀ ਵਿਚ ਲੜ ਰਹੀਆਂ ਬੁੜੀਆਂ ਵਾਂਗੂੰ ਆਪਣੇ ਪੋਤੜੇ ਫਰੋਲਣ ਲੱਗਿਆ ਹੋਇਆ ਹੈ। ਕੁੜੇ ਬਹੂ ਆ ਟੀਵੀ ਨੂੰ ਬੰਦ ਕਰ ਦੇ ਨਹੀਂ ਮੈਂ ਇੱਕ ਮਾਰ ਕੇ ਭੰਨ ਦੇਣਾ ਹੈ।

ਬੇਬੇ ਤੂੰ ਕਿਸ ਕਿਸ ਦਾ ਸਿਰ ਭੰਨੇਗੀ, ਕੁੱਤੀਆਂ ਚੋਰਾਂ ਨਾਲ ਰਲ ਗਈਆਂ ਹਨ। ਉਹਨਾਂ ਨੇ ਪਤਾ ਨਹੀ ਕੀ ਕੀ ਲੁੱਟ ਮਾਰ ਕਰਨੀ ਹੈ। ਬੇਬੇ ਦੀਆਂ ਗੱਲਾਂ ਸੁਣ ਕੇ ਮੈਨੂੰ ਬਹੁਤ ਡਰ ਲੱਗਦਾ ਹੈ। ਇਹਨਾਂ ਖ਼ਬਰਾਂ ਤੋਂ ਮੈਨੂੰ ਡਰ ਲੱਗਦਾ ਹੈ। ਵੀਰੇ ਤੈਨੂੰ ਵੀ ਇਹਨਾਂ ਖ਼ਬਰਾਂ ਤੋਂ ਇੰਜ ਡਰ ਲੱਗਦਾ ਹੈ ਜਿਵੇਂ ਮੈਨੂੰ?

**ਬੁੱਧ ਸਿੰਘ ਨੀਲੋਂ**



ਫ਼ਤਿਆਬਾਦ / ਵੀਰ ਗੁਰਦੀਪ ਸਿੰਘ- ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਇਸ ਮੌਕੇ ਪਰਮਪਾਲ ਸਿੰਘ, ਕਰਨਬੀਰ ਸਿੰਘ, ਰਵੀਇੰਦਰ ਸਿੰਘ, ਅਰਮਾਨ ਸਿੰਘ , ਸੋਰਵਦੀਪ ਸਿੰਘ, ਮਨਜਿੰਦਰ ਸਿੰਘ, ਗੁਰਕੀਰਤ ਸਿੰਘ, ਸੰਦੀਪ ਸਿੰਘ, ਅਬੇ ਸਿੰਘ , ਅਭੀਨੂਰ , ਸੋਨੂੰ, ਪ੍ਰਿੰਸ ਆਦਿ ਸੇਵਾਦਾਰ ਹਾਜ਼ਰ ਸਨ



ਫ਼ਤਿਆਬਾਦ /ਵੀਰ ਗੁਰਦੀਪ ਸਿੰਘ-ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਇਸ ਮੌਕੇ ਹੈਪੀ ਗੋਇੰਦਵਾਲ ਸਾਹਿਬ, ਗੁਰਪ੍ਰੀਤ ਸਿੰਘ , ਸਰਪੰਚ ਖੇਤੀ ਸਟੋਰ ਵਾਲੇ, ਮਨਪ੍ਰੀਤ ਸਿੰਘ, ਲਾਡੀ ਸਿੰਘ, ਜਗੀਰ ਸਿੰਘ , ਅਜੇਪਾਲ ਸਿੰਘ, ਜੁਗਰਾਜ ਸਿੰਘ, ਸੁਖਦੇਵ ਸਿੰਘ, ਮਿੰਟੂ ਸਿੰਘ, ਕੁਲਦੀਪ ਸਿੰਘ, ਰਾਹੁਲ ਸਿੰਘ,ਸੇਲੂ, ਮੇਜ਼ਰ ਫ਼ਤਿਹ, ਸਿਕੰਦਰ ਸਿੰਘ ਆਦਿ ਸੇਵਾ ਕਰਦੇ ਹੋਏ

## ਨਿੱਜੀ ਸਕੂਲਾਂ ਦੁਆਰਾ ਨਿਯਮਾਂ ਦੀ ਉਲੰਘਹਣਾ ਕਰਨ ਦੇ ਮਾਮਲੇ 'ਚ ਰਾਜਪਾਲ ਪੰਜਾਬ ਨੇ ਦਿੱਤਾ ਦਖਲ

- ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪੱਤਰ ਤੇ ਹੋਇਆ ਅਮਲ ਸ਼ੁਰੂ
- ਨਿੱਜੀ ਸਕੂਲਾਂ ਵਿਰੁੱਧ ਅਦਾਲਤੀ ਹੁਕਮਾਂ ਦੀ ਅਵੱਗਿਆ ਦਾ ਹੋਵੇਗਾ ਕੇਸ:ਗਿੱਲ
- ਬਾਲਾਂ ਦੇ ਅਧਿਕਾਰਾਂ ਦੇ ਹੱਨਨ ਦਾ ਮਾਮਲਾ
- ਸਕੂਲਾਂ ਦਾ ਨਿਰੀਖਣ ਕਰਨ ਦਾ ਜਿੰਮਾਂ ਦਿੱਤਾ ਚੇਅਰਮੈਨ ਸੰਦੀਪ ਸਿੰਘ ਰਾਜੂ ਨੂੰ

**ਝਬਾਲ,ਦਲਜੀਤ ਸਿੰਘ ਚੱਡਾ**

ਵਿਨਿਯਮਾਂ ਦੀ ਉਲੰਘਣਾ ਵਿੱਚ ਘਿਰੇ ਨਿੱਜੀ ਸਕੂਲਾਂ ਵਿਰੁੱਧ ਵਿਭਾਗੀ ਕਾਰਵਾਈ ਨੂੰ ਯਕੀਂਨੀ ਬਣਾਉਂਣ ਲਈ ਪਟੀਸ਼ਨਰ ਕਰਤਾ ਧਿਰ ਅਤੇ ਪ੍ਰਧਾਨ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਸ੍ਰ ਸਤਨਾਮ ਸਿੰਘ ਨੇ ਕੇਸਾਂ ਦੇ ਵੇਰਵੇ ਇਕੱਤਰ ਕਰਨ ਲਈ ਪੰਜਾਬ ਰਾਜ ਮਾਪੇ ਬਚਾਓ ਐਕਸ਼ਨ ਕਮੇਟੀ ਦਾ ਗਠਨ ਕਰ ਦਿੱਤਾ ਹੈ। ਇਥੇਂ ਸੱਦੇ ਪੱਤਰਕਾਰ ਸੰਮੇਲਨ ਵਿੱਚ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ 19 ਫ਼ਰਵਰੀ 2025 ਨੂੰ ਹਾਈ ਕੋਰਟ ਵੱਲੋਂ 25 ਫ਼ੀਸਦੀ ਰਾਖਵੀਆਂ ਕੋਟੇ ਦੀਆਂ ਸੀਟਾਂ ਦੀ ਬਹਾਲੀ ਲਈ ਹੁਕਮ ਹੋਏ ਹਨ।ਪਰ ਰਾਜ ਸਰਕਾਰ ਵੱਲੋਂ ਪ੍ਰਵਾਨਗੀਂ ਪੱਤਰ ਜਾਰੀ ਦੇ ਬਾਵਜੂਦ ਸਕੂਲਾਂ ਵੱਲੋਂ ਕੋਟੇ ਤਹਿਤ ਬੱਚਾ ਦਾਖਲ ਨਾ ਕਰਕੇ ਜਿਥੇਂ ਅਦਾਲਤੀ ਹੁਕਮਾਂ ਦੀ ਅਵੱਗਿਆ ਕੀਤੀ ਹੈ,ਉਥੇਂ ਆਰ.ਟੀ.ਈ ਐਕਟ ਦੀ ਵਿਆਪਕ ਤੌਰ 'ਤੇ ਉਲੰਘਣਾ ਕੀਤੀ ਹੈ। ਪਟੀਸ਼ਨਰ ਕਰਤਾ ਧਿਰ ਨੇ ਦੱਸਿਆ ਕਿ 2 ਮਈ 2025 ਨੂੰ ਉਨ੍ਹਾਂ ਨੇ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਲੈਟਰਹੈਡ ਤੇ ਨਿਯਮਾਂ 'ਚ ਘਿਰੇ ਨਿੱਜੀ ਸਕੂਲਾਂ ਖਿਲਾਫ ਕਾਰਵਾਈ ਕਰਨ ਲਈ ਸ਼ਿਕਾਇਤ ਭੇਜੀ ਸੀ ਤਾਂ ਪੰਜਾਬ ਰਾਜ ਭਵਨ ਨੇ ਸ਼ਿਕਾਇਤ ਨੋਟਿਸ ਲੈਂਦਿਆਂ ਲੰਘੀ 9 ਮਈ ਨੂੰ ਸਕੂਲਾਂ ਦੇ ਵਿਰੁੱਧ ਐਕਸ਼ਨ ਲੈਣ ਲਈ ਆਈ.ਏ.ਐਸ ਅਧਿਕਾਰੀ ਐਨਾਨਦਿੱਤਾ ਮਿੱਤਰਾ ਨੂੰ ਜਿੰਮਾਂ ਸੌਂਪ ਦਿੱਤਾ ਹੈ।

ਇੱਕ ਸਵਾਲ ਦੇ ਜਵਾਬ 'ਚ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਨਵੇਂ ਜਾਂਚ ਅਧਿਕਾਰੀ ਨੂੰ ਡਿਫ਼ਾਲਟਰ ਸਕੂਲਾਂ ਦੇ ਕੇਸਾਂ ਦੇ ਵੇਰਵੇ ਸੌਂਪਣ ਲਈ ਪੰਜਾਬ ਰਾਜ ਮਾਪੇ ਬਚਾਓ ਐਕਸ਼ਨ ਕਮੇਟੀ ਦਾ ਗਠਨ ਕਰਦਿਆਂ ਇਸ ਦਾ ਚੇਅਰਮੈਨ ਸੰਦੀਪ ਸਿੰਘ ਰਾਜੂ ਨੂੰ ਲਗਾ ਦਿੱਤਾ ਹੈ। ਉਨ੍ਹਾਂ ਨੇ ਦੱਸਿਆ ਕਿ 7 ਮੈਂਬਰੀ ਗਠਿਤ ਕੀਤੀ ਐਕਸ਼ਨ ਕਮੇਟੀ ਬਾਲਾਂ ਦੇ ਅਧਿਕਾਰਾਂ ਦੇ ਹੱਨਨ ਦੇ ਮਾਮਲਿਆਂ ਵਿੱਚ ਜਿੰਮੇਵਾਰ ਨਿੱਜੀ ਸਕੂਲਾਂ ਨੂੰ ਸੂਚੀ ਬੱਧ ਕਰੇਗੀ। ਇਸ ਮੌਕੇ ਚੇਅਰਮੈਨ ਪੰਜਾਬ ਸੰਦੀਪ ਸਿੰਘ ਰਾਜੂ,ਵਾਈਸ ਚੇਅਰਮੈਨ ਫੁਲਜੀਤ ਸਿੰਘ, ਅੰਮ੍ਰਿਤਪਾਲ ਸਿੰਘ,ਮਿਲਨ ਸਿੰਘ ਗਿੱਲ ਅਤੇ ਪੀਏ ਗੁਰਪ੍ਰੀਤ ਸਿੰਘ ਖਾਲਸਾ ਆਦਿ ਹਾਜਰ ਸਨ।

## ਜ਼ਿਲਾ ਡੇਂਗੂ ਟਾਸਕ ਫੋਰਸ ਦੀ ਹੋਈ ਅਹਿਮ ਮੀਟਿੰਗ, ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਨੇ ਵੱਖ-ਵੱਖ ਵਿਭਾਗਾਂ ਨੂੰ ਜਾਰੀ ਕੀਤੀਆਂ ਹਦਾਇਤਾਂ

**ਝਬਾਲ,ਦਲਜੀਤ ਸਿੰਘ ਚੱਡਾ**

ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿੱਚ ਕਰਵਾਈ ਜਾਵੇ ਫੋਗਿੰਗ- ਸ਼੍ਰੀ ਰਾਹੁਲ

ਸਿਹਤ ਵਿਭਾਗ ਅਤੇ ਨਗਰ ਕੌਂਸਲ ਵੱਲੋਂ ਡੇਂਗੂ ਦਾ ਲਾਰਵਾ ਪਾਏ ਜਾਣ 'ਤੇ ਕੱਟਣ ਚਲਾਨ

ਪਿੰਡਾਂ ਦੇ ਛੱਪੜਾਂ ਵਿੱਚ ਸਿਹਤ ਵਿਭਾਗ ਛੱਡੇ ਗੰਬੂਜੀਆ ਮੱਛੀਆਂ

ਜਿਲਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਦੀ ਪ੍ਰਧਾਨਗੀ ਹੇਠ ਸ਼ੁੱਕਰਵਾਰ ਨੂੰ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲਾ ਡੇਂਗੂ ਟਾਸਕ ਫੋਰਸ ਦੀ ਅਹਿਮ ਮੀਟਿੰਗ ਹੋਈ।

ਇਸ ਮੀਟਿੰਗ ਦੇ ਵਿੱਚ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ, ਸਹਾਇਕ ਕਮਿਸ਼ਨਰ ਡਾ. ਕਰਨਵੀਰ ਸਿੰਘ, ਜ਼ਿਲਾ ਵਿਕਾਸ ਤੇ ਪੰਚਾਇਤ ਅਫ਼ਸਰ ਸੀ? ਅਭਿਨਵ ਗੋਇਲ ਅਤੇ ਵੱਖ-ਵੱਖ ਵਿਭਾਗਾਂ ਦੇ ਆਲਾ ਅਧਿਕਾਰੀ ਮੌਜੂਦ ਰਹੇ।

ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਡੇਂਗੂ, ਮਲੇਰੀਆ ਅਤੇ ਚਿਕਨਗੁਣੀਆ ਵਰਗੀਆਂ ਬਿਮਾਰੀਆਂ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਇਹਨਾਂ ਬਿਮਾਰੀਆਂ ਦੀ ਸਮੇਂ ਸਿਰ ਰੋਕਥਾਮ ਕੀਤੀ ਜਾ ਸਕੇ। ਉਹਨਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ 'ਹਰ ਸ਼ੁਕਰਵਾਰ ਡੇਂਗੂ ਉੱਤੇ ਵਾਰ' ਮੁਹਿੰਮ ਵਿੱਚ ਜਿੱਥੇ ਸਿਹਤ ਵਿਭਾਗ ਆਪਣਾ ਯੋਗਦਾਨ ਪਾ ਰਿਹਾ ਹੈ ਉਥੇ ਹੀ ਸਾਰੇ ਸਰਕਾਰੀ ਵਿਭਾਗਾਂ ਨੂੰ ਇਸ ਦਿਨ ਵਿਸ਼ੇਸ਼ ਸਫਾਈ ਮੁਹਿੰਮ ਚਲਾਉਣ ਦੀ ਹਦਾਇਤ ਕੀਤੀ ਜਾਂਦੀ ਹੈ।

ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਨੇ ਕਿਹਾ ਕਿ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਆਪਣੇ ਦਫਤਰਾਂ ਅਤੇ ਆਲੇ ਦੁਆਲੇ ਦੀ ਸਾਫ ਸਫਾਈ ਨੂੰ ਯਕੀਨੀ ਬਣਾਉਣ। ਉਹਨਾਂ ਕਿਹਾ ਕਿ ਸਮੂਹ ਵਿਭਾਗ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਡੇਂਗੂ



ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨ।

ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਨੇ ਪੰਜਾਬ ਰੋਡਵੇਜ਼ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਵਿਭਾਗ ਦੀਆਂ ਬੱਸਾਂ ਦੇ ਵਿੱਚ ਫੋਗਿੰਗ ਨੂੰ ਯਕੀਨੀ ਬਣਾਉਣ ਤਾਂ ਜੋ ਮੱਛਰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਮੁਸਾਫਿਰਾਂ ਨੂੰ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਰੋਡਵੇਜ਼ ਦੇ ਅਧਿਕਾਰੀ ਬੱਸਾਂ ਤੋਂ ਇਲਾਵਾ ਵਰਕਸ਼ਾਪਾਂ ਦੇ ਵਿੱਚ ਵੀ ਫੋਗਿੰਗ ਨੂੰ ਯਕੀਨੀ ਬਣਾਉਣ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਜ਼ਿਲੇ ਦੇ ਛੱਪੜਾਂ ਦੇ ਵਿੱਚ ਗੰਬੂਜ਼ੀਆ ਮੱਛੀਆਂ ਨੂੰ ਛੱਡਿਆ ਜਾਵੇ ਤਾਂ ਜੋ ਸਮਾਂ ਰਹਿੰਦਿਆਂ ਡੇਂਗੂ ਦੇ ਲਾਰਵੇ ਨੂੰ ਨਸ਼ਟ ਕੀਤਾ ਜਾਵੇ।

ਉਹਨਾਂ ਕਿਹਾ ਕਿ ਸ਼ਹਿਰ ਵਿਭਾਗ ਵੱਲੋਂ ਜ਼ਿਲ੍ਹੇ ਦੇ ਕਸਬਿਆਂ ਅਤੇ ਪਿੰਡਾਂ ਦੇ ਵਿੱਚ ਫੀਵਰ ਸਰਵੇ ਦੀ ਰਫਤਾਰ ਨੂੰ ਤੇਜ਼ ਕਰਨ ਤਾਂ ਜੋ ਸ਼ੱਕੀ ਮਰੀਜ਼ਾਂ ਦੀ ਸ਼ਨਾਖਤ ਉਪਰੰਤ ਇਲਾਜ ਨੂੰ ਫੌਰੀ ਮੁਹੱਈਆ ਕਰਵਾਇਆ ਜਾ ਸਕੇ।

ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਨੇ ਜ਼ਿਲੇ ਦੀ ਆਈ. ਐਮ. ਏ ਯੂਨਿਟ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਉਹ ਹੁਣ ਨਿੱਜੀ ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਵੀ ਸ਼ੱਕੀ ਮਰੀਜ਼ਾਂ ਦੀ ਵੱਧ ਤੋਂ ਵੱਧ ਸੈਂਪਲਿੰਗ ਕਰਨ ਤਾਂ ਜੋ ਡੇਂਗੂ ਤੋਂ ਪੀੜਿਤ ਵਿਅਕਤੀਆਂ ਦੀ ਸ਼ਨਾਖਤ ਕੀਤੀ ਜਾ ਸਕੇ।

ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਨੇ ਕਿਹਾ ਕਿ ਸਿਹਤ ਵਿਭਾਗ ਅਤੇ ਨਗਰ ਕੌਂਸਲ ਤੇ ਸੰਬੰਧਿਤ ਅਧਿਕਾਰੀ ਅਤੇ ਕਰਮਚਾਰੀ ਦੁਕਾਨਾਂ, ਵੱਖ-ਵੱਖ ਨਿੱਜੀ ਅਤੇ ਸਰਕਾਰੀ ਸੰਸਥਾਵਾਂ 'ਤੇ ਡੇਂਗੂ ਦੀ ਰੋਕਥਾਮ ਲਈ ਨਿਗਰਾਨੀ ਵਧਾਉਣ ਅਤੇ ਜੇਕਰ ਕਿਸੇ ਸਥਾਨ ਉੱਤੇ ਡੇਂਗੂ ਦਾ ਲਾਰਵਾ ਪਾਇਆ ਜਾਂਦਾ ਹੈ ਤਾਂ ਮੌਕੇ ਤੇ ਚਲਾਨ ਕੱਟਣ। ਉਹਨਾਂ ਕਿਹਾ ਕਿ ਸ਼ਹਿਰੀ ਅਤੇ ਪਿੰਡਾਂ ਦੀ ਆਬਾਦੀ ਤੋਂ ਇਲਾਵਾ ਹਾਈ ਰਿਸਕ ਵਾਲੇ ਖੇਤਰਾਂ ਜਿਵੇਂ ਕਿ ਇੱਟਾਂ ਦੇ ਭੱਠਿਆਂ, ਅਤੇ ਗੁੱਜਰਾਂ ਦੇ ਡੇਰਿਆਂ ਉੱਤੇ ਵੀ ਡੇਂਗੂ ਦੀ ਰੋਕਥਾਮ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾਵੇ।

ਇਸ ਮੌਕੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਡੇਗੂ ਦੀ ਰੋਕਥਾਮ ਲਈ ਪਿੰਡਾਂ ਦੇ ਵਿੱਚ ਜਿੱਥੇ ਜਾਗਰੂਕਤਾ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤਾ ਗਿਆ ਹੈ ਉੱਥੇ ਨਾਲ ਹੀ ਸਿਹਤ ਕਰਮੀਆਂ ਵੱਲੋਂ ਫੀਵਰ ਸਰਵੇ ਰਾਹੀਂ ਸ਼ੱਕੀ ਮਰੀਜ਼ਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ।

ਉਨਾਂ ਦੱਸਿਆ ਕਿ ਸਿਹਤ ਵਿਭਾਗ ਦੇ ਮਾਸ ਮੀਡੀਆ ਵਿੰਗ ਵੱਲੋਂ ਜਾਗਰੂਕਤਾ ਮੁਹਿੰਮ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਨਾਗਰਿਕਾਂ ਨੂੰ ਡੇਂਗੂ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦੇ ਲੱਛਣਾਂ ਅਤੇ ਬਚਾਅ ਬਾਰੇ ਦੱਸਿਆ ਜਾ ਸਕੇ।

ਇਸ ਮੌਕੇ ਜ਼ਿਲਾ ਐਪੀਡਮੋਲੋਜਿਸਟ ਡਾਕਟਰ ਰਾਘਵ ਗੁਪਤਾ ਡਾਕਟਰ ਅਵਲੀਨ ਕੌਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ।

# ਪਟੀਸ਼ਨਰ ਸਤਨਾਮ ਸਿੰਘ ਗਿੱਲ ਨੂੰ ਮਿਲੀ ਵੱਡੀ ਹਮਾਇਤੀ

▲ ਸਾਬਕਾ cm ਚੰਨੀ ਨੇ 25% ਕੋਟੇ ਦੇ ਮੁੱਦੇ ਤੇ ਮਾਨ ਸਰਕਾਰ ਨੂੰ ਘੇਰਦਿਆਂ ਕੀਤਾ ਸਵਾਲਾਂ ਦੇ ਕਟਿਹਰੇ 'ਚ ਖੜਾ ! ▲ ਮਾਨ ਸਰਕਾਰ ਤੇ ਬੱਚਿਆਂ ਦੇ ਅਧਿਕਾਰਾਂ ਦਾ ਹੱਨਨ, ਬੌਧਿਕ ਨਸਲਕੁਸ਼ੀ ਕਰਨ ਅਤੇ ✲✵ ਦੇ ਦੇ ਹੁਕਮਾਂ ਦੀ ਅਵੱਗਿਆ ਕਰਨ ਦੇ ਦੋਸ਼ ▲ ਘੱਟ ਗਿਣਤੀ ਲੋਕ ਭਲਾਈ ਸੰਸਥਾਂ ਦੇ 7 ਮੈਂਬਰੀ ਵਫ਼ਦ ਨੇ ਕੀਤੀ ਚੰਨੀ ਨਾਲ ਮੁਲਾਕਾਤ

**ਲੁਧਿਆਣਾ:** ਪ੍ਰਾਈਵੇਟ ਸਕੂਲਾਂ 'ਚ ਗਰੀਬ ਸ਼?ਰੇਣੀ ਦੇ ਬੱਚਿਆਂ ਨੂੰ 25% ਫ਼ੀਸਦੀ ਰਾਖਵੀਆਂ ਸੀਟਾਂ ਤੇ ਦਾਖਲਿਆਂ ਤੇ ਸਟੈਂਡ ਸਪੱਸ਼ਟ ਨਾ ਕਰਨ ਤੇ ਪੰਜਾਬ ਦੇ ਸਾਬਕਾ ਛੰ ਤੇ ਜਲੰਧਰ ਤੋਂ ਕਾਂਗਰਸੀ ਸੰਸਦ ਸ੍ਰ:ਚਰਨਜੀਤ ਸਿੰਘ ਚੰਨੀ ਨੇ ਪੰਜਾਬ ਸਰਕਾਰ ਨੂੰ ਘੇਰਿਆ ਹੈ।

ਦੱਸ ਦੇਈਏ ਕਿ ਸਿੱਖਿਆ ਦਾ ਅਧਿਕਾਰ ਕਨੂੰਨ ਨੂੰ ਸੂਬੇ 'ਚ ਲਾਗੂ ਕਰਵਾਉਂਣ ਲਈ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੋਂ ਸਰਕਾਰ ਨੂੰ ਕਟਿਹਰੇ 'ਚ ਖੜਾ ਕਰ ਕੇਸ ਜਿੱਤਣ ਵਾਲੇ ਪਟੀਸ਼ਨਰ ਅਤੇ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ:) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਅਤੇ ਪੰਜਾਬ ਰਾਜ ਮਾਪੇ ਬਚਾਓ ਐਕਸ਼ਨ ਕਮੇਟੀ ਦੇ ਚੇਅਰਮੈਨ ਸੰਦੀਪ ਸਿੰਘ ਰਾਜੂ ਅੱਜ ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਚੰਨੀ ਨੂੰ 7 ਮੈਂਬਰੀ ਵਫ਼ਦ ਸਮੇਤ ਮਿਲੇ ਸਨ।

ਇਥੇਂ ਤੈਅਸ਼ੁਦਾ ਪ੍ਰੋਗਰਾਮ 'ਚ ਆਯੋਜਿਤ ਪੱਤਰਕਾਰ ਸੰਮੇਲਨ 'ਚ ਆਯੋਜਿਤ ਪੱਤਰਕਾਰ ਸੰਮੇਲਨ 'ਚ ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਚੰਨੀ ਤੇ ਸੰਸਦ ਮੈਂਬਰ ਨੇ ਪਟੀਸ਼ਨਰ ਅਤੇ ਸੋਸ਼ਲਿਟ ਸ੍ਰ:ਸਤਨਾਮ ਸਿੰਘ ਗਿੱਲ ਦੇ ਵੱਲੋਂ ਮਾਪਿਆਂ ਨੂੰ ਆਰਥਿਕ ਲੁੱਟ ਖਸੁਟ ਤੋਂ ਬਚਾਉਂਣ ਅਤੇ ਗਰੀਬ ਵਰਗ ਦੇ ਬੱਚਿਆਂ ਲਈ ਸੂਬੇ ਦੇ ਨਿੱਜੀ ਸਕੂਲਾਂ 'ਚ ਸਮੂਹਿਕ ਤੌਰ 'ਤੇ 25% ਕੋਟੇ ਦੀਆਂ ਰਾਖਵੀਂਆਂ ਸੀਟਾਂ ਤੇ ਮੁਫ਼ਤ ਦਾਖਲੇ ਦਵਾਉਂਣ ਲਈ ਕੀਤੀ ਜਾ ਰਹੀ ਚਾਰਾਜੋਈ ਦੀ



ਪੰਜਾਬ ਦੇ ਸਾਬਕਾ cm ਸ੍ਰ ਚਰਨਜੀਤ ਸਿੰਘ 'ਚੰਨੀ' ਅਤੇ ਸੰਸਦ ਮੈਂਬਰ ਅਤੇ ਪਟੀਸ਼ਰਨ ਅਤੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਰਜਿ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ ਬੱਚਿਆਂ ਦੇ ਮੁੱਦੇ ਤੇ ਸਾਂਝੇ ਤੌਰ 'ਤੇ ਪ੍ਰੈਸ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ।

ਹਮਾਇਤ ਕਰਦਿਆਂ ਕਿਹਾ ਕਿ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਹਾਈ ਕੋਰਟ ਦੇ ਹੁਕਮਾਂ ਦੇ ਸੰਭਾਵਿਤ ਦਖਲ ਦੇ ਬਾਵਜੂਦ ਵੀ ਆਰਥਿਕ ਤੌਰ 'ਤੇ ਕਮਜੋਰ ਵਰਗ ਦੇ ਮਾਪਿਆਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਲਾਜ਼ਮੀ ਤੌਰ 'ਤੇ ਮੁਫ਼ਤ ਮਾਨਤਾ ਸਕੂਲਾਂ 'ਚ ਮੁਫ਼ਤ ਪ੍ਰਾਪਤ ਕਰਨ ਦੇ ਮੌਕੇ ਲੋੜਵੰਦ ਬੱਚਿਆਂ ਨੂੰ ਨਹੀਂ ਦੇ ਸਕੇ ਹਨ।

ਸ੍ਰ ਚੰਨੀ ਨੇ ਕਿਹਾ ਕਿ ਦਾਖਲੇ ਦੇ ਸੈਸ਼ਨ 2025-26 'ਚ ਰਾਖਵੀਆਂ ਸੀਟਾਂ ਤੇ ਬੱਚਿਆਂ ਦਾਖਲੇ ਨਾ ਦੇਕੇ ਰਾਜ ਸਰਕਾਰ ਬਾਲਾਂ ਦੇ ਅਧਿਕਾਰਾਂ ਦਾ ਹੱਨਨ ਕਰਨ,ਬੱਚਿਆਂ ਦੀ ਬੌਧਿਕ ਨਸ਼ਲ ਕਰਨ ਅਤੇ ਹਾਈ ਕੋਰਟ ਦੇ ਹੁਕਮਾਂ ਦੀ ਅਵਗਿਆ ਕਰਨ ਦੇ ਮਾਮਲੇ 'ਚ ਬੁਰੀ ਤਰ੍ਹਾਂ ਘਿਰ ਚੁੱਕੀ ਹੈ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਉਪਰੋਕ ਤਿੰਨ ਸੰਗੀਨ ਮਾਮਲਿਆਂ 'ਚ ਕਲੀਨ ਚਿੱਟ ਕਿਥੋਂ ਲਵੇਗੀ? ਉਨਾਂ ਨੇ ਐਲਾਨ ਕੀਤਾ ਕਿ ਅਸੀਂ ਓਂਸ਼ ਦੇ ਬੱਚਿਆਂ ਦੇ ਹੱਕ 'ਚ ਹਾਂ,

ਇਸ ਮੌਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਸੂਬਾਈ ਚੇਅਰਮੈਨ ਸ੍ਰ ਸੰਦੀਪ ਸਿੰਘ, ਸ੍ਰ ਹਰਪਾਲ ਸਿੰਘ, ਅੰਮ੍ਰਿਤਪਾਲ ਸਿੰਘ ਕਲਿਆਣ,ਮਿਲਨ ਸਿੰਘ ਗਿੱਲ, ਪੀਏ ਗੁਰਪ੍ਰੀਤ ਸਿੰਘ ਖਾਲਸਾ ਪੀਆਰਓ ਅੰਮ੍ਰਿਤਪਾਲ ਸਿੰਘ ਸ਼ਾਹਪੁਰ,ਡਾ. ਸੁਖਚੈਨ ਸਿੰਘ ਘੁੰਮਣ, ਭੁਵਨ ਸਿੰਘ ਮਾਨਸਾ ਤੋਂ ਇਲਾਵਾਂ ਸੀਨੀਅਰ ਕਾਂਗਰਸੀ ਲੀਡਰ ਵੀ ਹਾਜਰ ਸਨ।

## ਭਾਜਪਾ ਜ਼ਿਲ੍ਹਾ ਤਰਨਤਾਰਨ ਵਲੋਂ ਮੁੱਖ ਮੰਤਰੀ ਵਿਜੈ ਰੂਪਾਨੀ ਅਤੇ ਯਾਤਰੀਆਂ ਨੂੰ ਸ਼ਰਧਾਂਜਲੀ ਭੇਟ

**ਤਰਨਤਾਰਨ/ਰਾਕੇਸ਼ ਨਈਅਰ ਚੋਹਲਾ**

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ,ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਪ੍ਰਦੇਸ਼ ਇੰਚਾਰਜ ਸ੍ਰੀ ਵਿਜੇ ਰੂਪਾਨੀ ਦੇ ਅਚਾਨਕ ਜਹਾਜ ਹਾਦਸੇ ਦੌਰਾਨ ਅਕਾਲ ਚਲਾਣਾ ਕਰਨ ਅਤੇ ਹਾਦਸੇ ਦੌਰਾਨ ਮਾਰੇ ਗਏ ਸੈਂਕੜੇ ਲੋਕਾਂ ਨਾਲ ਜਿੱਥੇ ਸਾਰੇ ਦੇਸ਼ ਵਿੱਚ ਸਨਸਨੀ ਫੈਲ ਗਈ,ਉੱਥੇ ਹੀ ਭਾਰਤੀ ਜਨਤਾ ਪਾਰਟੀ ਲਈ ਇੱਕ ਅਸਹਿ ਅਤੇ ਅਕਹਿ ਦੁਖਦਾਈ ਭਰਿਆ ਹਾਦਸਾ ਹੋਣਾ ਬਹੁਤ ਵੱਡਾ ਘਾਟਾ ਹੈ। ਆਪਣੀ ਸਾਰੀ ਜਿੰਦਗੀ ਭਾਰਤੀ ਜਨਤਾ ਪਾਰਟੀ ਅਤੇ ਲੋਕ ਸੇਵਾ ਵਿੱਚ ਬਸਰ ਕਰਨ ਵਾਲੇ ਇਮਾਨਦਾਰ ਅਤੇ ਅਗਾਂਹਵਧੂ ਸੋਚ ਦੇ ਮਾਲਕ ਸ੍ਰੀ ਵਿਜੇ ਰੂਪਾਨੀ ਦੇ ਸਦੀਵੀ ਵਿਛੋੜੇ 'ਤੇ ਤਰਨਤਾਰਨ ਭਾਜਪਾ ਦੇ ਮੁੱਖ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਅਤੇ ਉਨਾਂ ਦੀ ਸਮੁੱਚੀ ਟੀਮ ਵੱਲੋਂ ਮੌਨ ਧਾਰਨ ਕਰਕੇ ਭਾਵਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਗਈ।ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਵੀਰਵਾਰ ਦੁਪਹਿਰ ਨੂੰ ਏਅਰ



ਇੰਡੀਆ ਦਾ ਲੰਡਨ ਜਾਣ ਵਾਲਾ ਇੱਕ ਜਹਾਜ ਜੋ ਅਹਿਮਦਾਬਾਦ ਹਵਾਈ ਅੱਡੇ ਨੇੜੇ ਮੇਘਨਾਨੀ ਇਲਾਕੇ ਵਿੱਚ ਉਡਾਨ ਭਰਨ ਤੋਂ ਕੁਝ ਦੇਰ ਬਾਅਦ ਹੀ ਹਾਦਸਾ ਗ੍ਰਸਤ ਹੋ ਗਿਆ।ਜਹਾਜ ਵਿੱਚ ਕਰੀਬ 242 ਲੋਕ ਸਨ।ਇਹ ਹਾਦਸਾ ਅਹਿਮਦਾਬਾਦ ਦੇ ਸਰਦਾਰ ਵੱਲਭਭਾਈ ਪਟੇਲ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਜਹਾਜ ਦੇ ਉਡਾਨ ਭਰਨ ਤੋਂ ਬਾਅਦ ਵਾਪਰਿਆ।ਜਿਸ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਅਨਮੋਲ ਰਤਨ,ਸਾਡੇ ਮਾਰਗਦਰਸ਼ਕ ਸ੍ਰੀ ਵਿਜੇ ਰੂਪਾਨੀ ਵੀ ਹਾਦਸਾਗ੍ਰਸਤ ਹੋ ਗਏ।ਜਿਸ ਨਾਲ ਹਨ ਸਮੁੱਚੀ ਭਾਰਤੀ ਜਨਤਾ ਪਾਰਟੀ ਦੁਖਾਂਤ ਭਰੇ ਸੋਗ ਵਿੱਚੋਂ ਗੁਜਰ ਰਹੀ ਹੈ। ਹਰਜੀਤ ਸਿੰਘ ਸੰਧੂ ਅਤੇ ਉਨਾਂ ਦੇ ਸਾਥੀਆਂ ਨੇ ਮੁੱਖ ਦਫਤਰ ਵਿਖੇ ਇਸ ਮਹਾਨ ਸਖਸ਼ੀਅਤ ਅਤੇ ਸੱਚੀ ਸੁੱਚੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਮੋਨ ਧਾਰਨ ਕਰਕੇ ਵਿੱਛੜੀ ਰੂਹ ਦੇ ਭਲੇ ਲਈ ਅਰਦਾਸ ਕੀਤੀ ਅਤੇ ਹਾਦਸੇ ਦੌਰਾਨ ਬਾਕੀ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਲਈ ਵੀ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕੀਤੀ।ਇਸ ਮੌਕੇ 'ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ,ਮਹਾਂ ਮੰਤਰੀ ਸ਼ਿਵ ਕੁਮਾਰ ਸੋਨੀ,ਮਹਾਂ ਮੰਤਰੀ ਸੁਰਜੀਤ ਸਿੰਘ ਸਾਗਰ,ਮੀਤ ਪ੍ਰਧਾਨ ਐਡਵੋਕੇਟ ਸਤਨਾਮ ਸਿੰਘ ਭੁੱਲਰ,ਮੀਤ ਪ੍ਰਧਾਨ ਐਡਵੋਕੇਟ ਜਸਕਰਨ ਸਿੰਘ ਗਿੱਲ,ਮੀਤ ਪ੍ਰਧਾਨ ਰਿਤੇਸ਼ ਚੋਪੜਾ,ਪ੍ਰਦੇਸ਼ ਕਾਰਜਕਾਰਨੀ ਮੈਂਬਰ ਅਨੂਪ ਸਿੰਘ ਭੁੱਲਰ,ਸੀਨੀਅਰ ਆਗੂ ਦਲਬੀਰ ਸਿੰਘ ਅਲਗੋਂ,ਕਿਸਾਨ ਮੋਰਚਾ ਪ੍ਰਧਾਨ ਡਾ.ਅਵਤਾਰ ਸਿੰਘ ਵੇਈਂਪੂਈ,ਐਸਸੀ ਮੋਰਚਾ ਪ੍ਰਧਾਨ ਅਵਤਾਰ ਸਿੰਘ ਬੰਟੀ,ਯੁਵਾ ਮੋਰਚਾ ਪ੍ਰਧਾਨ ਦਿਨੇਸ਼ ਜੋਸ਼ੀ,ਸਰਕਲ ਸ਼ਹਿਰੀ ਪ੍ਰਧਾਨ ਰੋਹਿਤ ਸ਼ਰਮਾ,ਸੀਨੀਅਰ ਆਗੂ ਪਵਨ ਕੁੰਦਰਾ,ਸੀਨੀਅਰ ਆਗੂ ਪਵਨ ਦੇਵਗਨ,ਜ਼ਿਲ੍ਹਾ ਸਕੱਤਰ ਸਵਿੰਦਰ ਸਿੰਘ ਪੰਨੂ,ਸਕੱਤਰ ਹਰਮਨਜੀਤ ਸਿੰਘ ਕੱਲਾ,ਜਿਲੇ ਦੇ ਸਾਰੇ ਹੀ ਸਰਕਲ ਪ੍ਰਧਾਨ, ਮੋਰਚਿਆਂ ਦੇ ਅਹੁਦੇਦਾਰ,ਸੈੱਲਾਂ ਦੇ ਕਨਵੀਨਰ ਅਤੇ ਹੋਰ ਵੀ ਪ੍ਰਮੁੱਖ ਆਗੂ ਸਾਹਿਬਾਨਾਂ ਵੱਲੋਂ ਇਸ ਸੋਗਮਈ ਇਕੱਤਰਤਾ ਵਿੱਚ ਹਾਜਰੀ ਭਰ ਕੇ ਜਹਾਜ ਹਾਦਸੇ ਦੌਰਾਨ ਅਕਾਲ ਚਲਾਣਾ ਕਰ ਗਏ ਪੰਜਾਬ ਪ੍ਰਦੇਸ਼ ਪ੍ਰਭਾਰੀ ਸ੍ਰੀ ਵਿਜੇ ਰੂਪਾਨੀ ਜੀ ਅਤੇ ਹਾਦਸੇ ਵਿੱਚ ਮਾਰੇ ਗਏ ਮ੍ਰਿਤਕਾਂ ਦੀਆਂ ਵਿੱਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

## ਢਿਲਵਾਂ ਪੁਲਿਸ ਨੇ ਹਾਈ-ਟੈਕ ਨਾਕੇ ਤੋਂ ਦੋ ਕਾਰ ਸਵਾਰਾਂ ਨੂੰ ਅਫੀਮ ਅਤੇ ਡਰੱਗ ਮਨੀ ਸਮੇਤ ਕਾਬੂ ਕੀਤਾ

**ਕਪੁਰਥਲਾ /ਸੁਖੀਜਾ**

ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਦਲਵਿੰਦਰ ਬੀਰ ਸਿੰਘ ਮੁੱਖ ਅਫ਼ਸਰ ਥਾਣਾ ਢਿਲਵਾਂ, ਏ ਐਸ ਆਈ ਦੀਪਕ ਕੁਮਾਰ ਨੇ ਦੋ ਕਾਰ ਸਵਾਰਾਂ ਨੂੰ ਅਫੀਮ ਅਤੇ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ, ਥਾਣਾ ਮੁੱਖੀ ਦਲਵਿੰਦਰ ਬੀਰ ਸਿੰਘ ਨੇ ਦੱਸਿਆ ਕਿ ਏ ਐਸ ਆਈ ਦੀਪਕ ਕੁਮਾਰ, ਏ ਐਸ ਆਈ ਰਛਪਾਲ ਸਿੰਘ, ਏ ਐਸ ਆਈ ਗੁਰਦੀਪ ਸਿੰਘ ਸਾਥੀ ਕਰਮਚਾਰੀਆਂ ਨਾਲ ਹਾਈ-ਟੈਕ ਨਾਕੇ 'ਤੇ ਵਾਹਨਾਂ ਦੀ ਜਾਂਚ ਕਰ ਰਹੇ ਸਨ ਕਿ ਬੀਤੀ ਦੇਰ ਸ਼ਾਮ, ਕਾਰ ਅੰਮ੍ਰਿਤਸਰ ਤੋਂ ਆਉਂਦੀ ਦਿਖਾਈ ਦਿੱਤੀ ਜਿਸ ਵਿੱਚ ਦੋ ਨੌਜਵਾਨ ਸਵਾਰ ਸਨ, ਜਿਸ ਨੂੰ ਏ ਐਸ ਆਈ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਰੋਕਿਆ। ਕਾਰ ਤੋਂ ਹੇਠਾਂ ਉਤਰਦੇ ਸਮੇਂ, ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਬੈਠੇ ਨੌਜਵਾਨ ਨੇ ਆਪਣੀ ਪੈਂਟ ਦੀ ਜੇਬ ਵਿੱਚੋਂ ਇੱਕ ਭਾਰੀ ਲਿਫਾਫਾ ਕੱਢਿਆ



ਅਤੇ ਸੜਕ ਦੇ ਨੇੜੇ ਕੱਚੀ ਜਗ?ਹਾ 'ਤੇ ਸੁੱਟ ਦਿੱਤਾ। ਏ ਐਸ ਆਈ ਵੱਲੋਂ ਦੋਵਾਂ ਦਾ ਨਾਮ ਅਤੇ ਪਤਾ ਪੁੱਛਣ 'ਤੇ, ਕਾਰ ਡਰਾਈਵਰ ਨੇ ਆਪਣਾ ਨਾਮ ਸਾਗਰ ਦੱਸਿਆ ਅਤੇ ਨਾਲ ਵਾਲੀ ਸੀਟ 'ਤੇ ਬੈਠੇ ਨੌਜਵਾਨ ਨੇ ਆਪਣਾ ਨਾਮ ਮੁਕੇਸ਼ ਵਾਸੀ ਦੁਸਹਿਰਾ ਗਰਾਊਂਡ ਹੁਸ਼ਿਆਰਪੁਰ ਦੱਸਿਆ। ਉਪਰੋਕਤ ਨੌਜਵਾਨ ਦੀ ਤਲਾਸ਼ੀ ਦੌਰਾਨ 260 ਗ੍ਰਾਮ ਅਫੀਮ ਅਤੇ 1 ਲੱਖ 40 ਹਜ਼ਾਰ ਰੁਪਏ ਦੀ ਡਰੱਗ ਮਨੀ (ਭਾਰਤੀ ਕਰੰਸੀ) ਬਰਾਮਦ ਹੋਈ।

ਉਪਰੋਕਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਕਾਰ ਜ਼ਬਤ ਕਰਕੇ ਉਹਨਾਂ ਵਿਰੁੱਧ ਐਨ ਡੀ ਪੀ ਐਸ ਐਕਟ ਤਹਿਤ ਥਾਣਾ ਢਿਲਵਾਂ ਵਿੱਚ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਮਦਨ ਸਟੱਡੀ ਦਾ ਪਲੱਸ ਟੂ ਅਤੇ ਮੈਟ੍ਰਿਕ ਦਾ ਨਤੀਜਾ 100% ਰਿਹਾ

**ਅੰਮ੍ਰਿਤਸਰ**

ਇਸ ਸਾਲ ਦੀ ਫਾਈਨਲ ਪ੍ਰੀਖਿਆ ਵਿੱਚ ਮਦਨ ਸਟੱਡੀ ਜ਼ੋਨ ਦਾ ਨਤੀਜਾ 100% ਰਿਹਾ। ਇਸ ਬਾਰੇ ਗੱਲ ਕਰਦਿਆਂ ਸੈਂਟਰ ਹੈੱਡ ਪ੍ਰਿੰਸ ਮਦਨ ਅਤੇ ਜੋਤੀ ਮਦਨ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇੱਥੇ ਪਲੱਸ ਟੂ ਅਤੇ ਮੈਟ੍ਰਿਕ ਦੇ ਬੱਚਿਆਂ ਦੇ ਫਾਈਨਲ ਪੇਪਰ ਦੀ ਤਿਆਰੀ ਕੀਤੀ ਗਈ ਸੀ।



ਜਿਸ ਵਿੱਚ ਦਿਸ਼ਾ ਅਤੇ ਦੀਆ ਅਤੇ ਸ਼ਰੂਤੀ ਅਤੇ ਲਵਲੀਨ ਨੇ ਕ੍ਰਮਵਾਰ 92 ਅਤੇ 91 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਫਲਤਾ ਪ੍ਰਾਪਤ ਕੀਤੀ ਅਤੇ ਦੂਜੇ ਪਾਸੇ ਲਵਨਿਆ ਅਤੇ ਸੇਜਾ ਨੇ ਮੈਟ੍ਰਿਕ ਵਿੱਚ 92% ਅੰਕ ਪ੍ਰਾਪਤ ਕੀਤੇ ਅਤੇ 30 ਤੋਂ ਵੱਧ ਬੱਚਿਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣਾ ਅਤੇ ਆਪਣੇ ਪਰਿਵਾਰਾਂ ਦਾ ਨਾਮ ਰੌਸ਼ਨ ਕੀਤਾ ਹੈ। ਸਫਲਤਾ ਨੂੰ ਦੇਖਦੇ ਹੋਏ, ਹੋਣਹਾਰ ਬੱਚਿਆਂ ਵਿੱਚ ਇਨਾਮ ਵੰਡ ਕੀਤੀ ਗਈ। ਜਿਸ ਵਿੱਚ ਯਾਦਗਾਰੀ ਚਿੰਨ੍ਹ ਦੇ ਨਾਲ-ਨਾਲ ਹੋਰ ਕਿਸਮ ਦੇ ਯਾਦਗਾਰੀ ਚਿੰਨ੍ਹ ਵੀ ਦਿੱਤੇ ਗਏ। ਇਸ ਮੌਕੇ ਪਾਰਸ ਚਾਵਲਾ, ਸੁਨੀਤਾ ਨਾਗਪਾਲ, ਰਿਤੂ ਅਰੋੜਾ, ਰਿਦਮ ਅਤੇ ਦੀਪਕ ਵਰਗੇ ਅਧਿਆਪਕ ਮੌਜੂਦ ਸਨ।

## ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਸਹਿਣਸ਼ੀਲਤਾ: ਵਿਜੀਲੈਂਸ ਬਿਊਰੋ ਵੱਲੋਂ ਐਸ.ਡੀ.ਐਮ. ਦਾ ਸਟੈਨੋ 24 ਲੱਖ ਰੁਪਏ ਨਕਦੀ ਸਮੇਤ ਕਾਬੂ

**ਚੰਡੀਗੜ੍ਹ/ਰਾਏਕੋਟ**

ਪੰਜਾਬ ਵਿਜੀਲੈਂਸ ਬਿਊਰੋ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਜ਼ੀਰੋ ਸਹਿਣਸ਼ੀਲਤਾ ਨੀਤੀ ਤਹਿਤ ਐਸ.ਡੀ.ਐਮ. ਦਫ਼ਤਰ, ਜ਼ਿਲ੍ਹਾ ਰਾਏਕੋਟ, ਲੁਧਿਆਣਾ ਵਿਖੇ ਤਾਇਨਾਤ ਸਟੈਨੋ ਜਤਿੰਦਰ ਸਿੰਘ ਨੂੰ 24,06,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਪਿੰਡ ਸੁਖਾਣਾ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਐਸ.ਡੀ.ਐਮ. ਰਾਏਕੋਟ ਅਤੇ ਉਸ ਦਾ ਸਟੈਨੋ ਜਤਿੰਦਰ ਸਿੰਘ, ਵਾਸੀ ਪਿੰਡ ਨੂਰਪੁਰਾ, ਤਹਿਸੀਲ ਜਗਰਾਉਂ, ਆਮ ਲੋਕਾਂ ਤੋਂ ਸਰਕਾਰੀ ਕੰਮ ਕਰਨ ਬਦਲੇ ਲੋਕਾਂ ਤੋਂ ਮੋਟੀ ਰਕਮ ਵਸੂਲ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁਲਜ਼ਮ ਸਟੈਨੋ ਜਤਿੰਦਰ ਸਿੰਘ ਤੋਂ ਪੁੱਛਗਿੱਛ ਕੀਤੀ ਅਤੇ ਉਸ ਦੇ ਦਫ਼ਤਰ ਦੀ ਤਲਾਸ਼ੀ ਦੌਰਾਨ ਇੱਕ ਅਲਮਾਰੀ 'ਚੋਂ 24 ਲੱਖ 6 ਹਜ਼ਾਰ ਰੁਪਏ ਦੀ ਨਕਦੀ ਬਰਾਮਦ ਹੋਈ। ਮੁਲਜ਼ਮ ਇਸ ਨਕਦੀ ਦੇ ਵੇਰਵੇ ਦੱਸਣ ਵਿੱਚ ਅਸਫ਼ਲ ਰਿਹਾ ਅਤੇ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਥਾਣਾ ਲੁਧਿਆਣਾ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

## ਜਲੰਧਰ ਪ੍ਰਸ਼ਾਸਨ ਨੇ ਮਾਈਨਿੰਗ ਸਾਈਟਾਂ ਦੀ ਨਿਸ਼ਾਨਦੇਹੀ ਲਈ ਨਵਾਂ ਡੀ.ਜੀ.ਪੀ.ਐਸ. ਸਿਸਟਮ ਖ਼ਰੀਦਿਆ

### ਲੋਕਾਂ ਨੂੰ ਉੱਚ ਦਰਜੇ ਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ

**ਜਲੰਧਰ/ਬਾਠ**

ਜ਼ਿਲ੍ਹੇ ਭਰ ਵਿੱਚ ਮਾਈਨਿੰਗ ਸਾਈਟਾਂ ਦੀ ਤੁਰੰਤ ਅਤੇ ਸਹੀ ਨਿਸ਼ਾਨਦੇਹੀ ਨੂੰ ਯਕੀਨੀ ਬਣਾਉਣ ਲਈ ਜਲੰਧਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਨਵੇਂ ਡਿਫਰੈਂਸ਼ੀਅਲ ਗਲੋਬਲ ਪੁਜ਼ੀਸ਼ਨਿੰਗ ਸਿਸਟਮ (ਡੀ.ਜੀ.ਪੀ.ਐਸ.) ਦੀ ਖ਼ਰੀਦ ਕੀਤੀ ਗਈ ਹੈ।



ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵੱਖ-ਵੱਖ ਸਕੀਮਾਂ ਅਧੀਨ ਚੱਲ ਰਹੇ ਪ੍ਰਾਜੈਕਟਾਂ ਦਾ ਜਾਇਜ਼ਾ ਲਿਆ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੁਕੰਮਲ ਹੋ ਚੁੱਕੇ ਪ੍ਰਾਜੈਕਟਾਂ ਦੇ ਵਰਤੋਂ ਸਰਟੀਫਿਕੇਟ ਜਮ?ਹਾ ਕਰਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਆਉਣ ਵਾਲੇ ਦਿਨਾਂ ਵਿੱਚ ਕਈ ਨਵੀਆਂ ਵਿਕਾਸ ਪਹਿਲਕਦਮੀਆਂ ਸ਼ੁਰੂ ਕਰਕੇ ਜ਼ਿਲ੍ਹੇ ਭਰ ਵਿੱਚ ਉੱਚ ਪੱਧਰੀ ਸਹੂਲਤਾਂ ਯਕੀਨੀ ਬਣਾਉਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਵੀ ਦੁਹਰਾਈ।

ਮੀਟਿੰਗ ਦੌਰਾਨ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਦੇ ਨਵੀਨੀਕਰਨ, ਧੋਗੜੀ ਰੋਡ ਦੇ ਨਿਰਮਾਣ, ਬੀ.ਐਮ.ਸੀ. ਚੌਕ ਵਿਖੇ ਕ੍ਰਿਕਟ ਬੀਟ ਬਾਕਸ ਸਥਾਪਤ ਕਰਨ, ਨਵੀਆਂ ਸੜਕਾਂ ਦੇ ਵਿਕਾਸ, ਸਰਕਾਰੀ ਸਕੂਲਾਂ ਵਿੱਚ ਨਵੀਆਂ ਲਾਇਬ੍ਰੇਰੀਆਂ ਸਮੇਤ ਹੋਰ ਪਹਿਲਕਦਮੀਆਂ ਦੀ ਸਮੀਖਿਆ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਇਨ੍ਹਾਂ ਪ੍ਰਾਜੈਕਟਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪੂਰਾ ਕਰਨ 'ਤੇ ਜ਼ੋਰ ਦਿੱਤਾ। ਡਾ. ਅਗਰਵਾਲ ਨੇ ਨਵੀਆਂ ਤਜਵੀਜ਼ਾਂ ਦੀ ਮੰਗ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਵਿਕਾਸ ਪ੍ਰਾਜੈਕਟਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਨੇ ਚੱਲ ਰਹੇ ਕੰਮਾਂ 'ਤੇ ਸੀਨੀਅਰ ਅਧਿਕਾਰੀਆਂ ਵੱਲੋਂ ਨੇੜਿਓਂ ਨਜ਼ਰ ਰੱਖਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਪ੍ਰਾਜੈਕਟਾਂ ਦੀ ਪ੍ਰਗਤੀ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਕਰਨ ਦੀ ਹਦਾਇਤ ਕੀਤੀ ਤਾਂ ਜੋ ਇਨ੍ਹਾਂ ਨੂੰ ਸਮੇਂ ਸਿਰ ਅਤੇ ਕੁਸ਼ਲਤਾ ਨਾਲ ਪੂਰਾ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਜਲੰਧਰ ਪ੍ਰਸ਼ਾਸਨ ਵੱਲੋਂ ਖੇਡ ਸੱਭਿਆਚਾਰ ਨੂੰ ਜ਼ਮੀਨੀ ਪੱਧਰ 'ਤੇ ਪ੍ਰਫੁੱਲਿਤ ਕਰਨ ਲਈ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿੱਚ ਮਾਡਲ ਖੇਡ ਮੈਦਾਨਾਂ ਦੀ ਉਸਾਰੀ ਵੀ ਸ਼ੁਰੂ ਕਰ ਦਿੱਤੀ ਗਈ ਹੈ।

# ਬ੍ਰਹਮਪੁਰਾ ਵੱਲੋਂ ਸਾਬਕਾ ਸਰਪੰਚ ਨਰਿੰਦਰ ਸਿੰਘ ਦੇ ਮਾਤਾ ਬਸੰਤ ਕੌਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

### ਬ੍ਰਹਮਪੁਰਾ ਸਾਥੀਆਂ ਸਮੇਤ ਸਾਬਕਾ ਸਰਪੰਚ ਨਰਿੰਦਰ ਸਿੰਘ ਦੇ ਘਰ ਦੁੱਖ 'ਚ ਸ਼ਰੀਕ ਹੋਏ

**ਤਰਨ ਤਾਰਨ**

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ, ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਪਵਿੱਤਰ ਨਗਰੀ ਖਡੂਰ ਸਾਹਿਬ ਸਥਿਤ "ਮੇਰਾ ਹਲਕਾ, ਮੇਰਾ ਪਰਿਵਾਰ÷ ਦੇ ਆਪਣੇ ਸਿਧਾਂਤ ਨੂੰ ਦੁਹਰਾਉਂਦਿਆਂ, ਪਾਰਟੀ ਦੇ ਇੱਕ ਪੁਰਾਣੇ ਅਤੇ ਵਫ਼ਾਦਾਰ ਸਾਥੀ, ਸਾਬਕਾ ਸਰਪੰਚ ਸ੍ਰ. ਨਰਿੰਦਰ ਸਿੰਘ ਦੇ ਗ੍ਰਹਿ ਵਿਖੇ ਪਹੁੰਚ ਕੇ ਉਹਨਾਂ ਦੇ ਸਤਿਕਾਰਯੋਗ ਮਾਤਾ ਜੀ, ਬਸੰਤ ਕੌਰ ਜੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।



ਸ਼੍ਰੋਮਣੀ ਅਕਾਲੀ ਦਲ ਖਡੂਰ ਸਾਹਿਬ ਦੇ ਇੰਚਾਰਜ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਸਾਬਕਾ ਸਰਪੰਚ ਨਰਿੰਦਰ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ।

ਇਸ ਮੌਕੇ ਪਰਿਵਾਰ ਨਾਲ ਹਮਦਰਦੀ ਜ਼ਾਹਰ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ, "ਮਾਤਾ ਬਸੰਤ ਕੌਰ ਜੀ ਇੱਕ ਬਹੁਤ ਹੀ ਨੇਕ ਅਤੇ ਧਾਰਮਿਕ ਰੁਚੀਆਂ ਵਾਲੀ ਸ਼ਖ਼ਸੀਅਤ ਸਨ। ਉਨ੍ਹਾਂ ਦਾ ਸਾਰਾ ਜੀਵਨ ਪਰਿਵਾਰਕ ਕਦਰਾਂ-ਕੀਮਤਾਂ ਅਤੇ ਗੁਰੂ ਸਾਹਿਬ ਦੇ ਦਰਸਾਏ ਮਾਰਗ ਨੂੰ ਸਮਰਪਿਤ ਰਿਹਾ। ਸ੍ਰ. ਨਰਿੰਦਰ ਸਿੰਘ ਦਾ ਪਰਿਵਾਰ ਸਾਡੇ ਆਪਣੇ ਪਰਿਵਾਰ ਵਾਂਗ ਹੈ ਅਤੇ ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦਾ ਘਾਟਾ ਸਾਡਾ ਨਿੱਜੀ ਘਾਟਾ ਹੈ। ਮੈਂ ਅਤੇ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਇਸ ਪਰਿਵਾਰ ਦੇ ਨਾਲ ਚੱਟਾਨ ਵਾਂਗ ਖੜ੍ਹੇ ਹਾਂ।

ਸ੍ਰ. ਬ੍ਰਹਮਪੁਰਾ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਹੋਈ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ ਅਤੇ ਸ੍ਰ. ਨਰਿੰਦਰ ਸਿੰਘ, ਸ੍ਰ. ਸੁਖਦੇਵ ਸਿੰਘ (ਸਾਬਕਾ ਸਰਪੰਚ) ਸਮੇਤ ਸਮੁੱਚੇ ਪਰਿਵਾਰ ਨੂੰ ਇਸ ਨਾ ਪੂਰੇ ਹੋਣ ਵਾਲੇ ਘਾਟੇ ਨੂੰ ਸਹਿਣ ਦਾ ਬਲ ਬਖ਼ਸ਼ਣ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਸ੍ਰ. ਬ੍ਰਹਮਪੁਰਾ ਦੇ ਨਾਲ ਪ੍ਰੈਸ ਸਕੱਤਰ ਸ੍ਰ. ਮੇਘ ਸਿੰਘ, ਸੀਨੀਅਰ ਅਕਾਲੀ ਆਗੂ ਸ੍ਰ. ਰਣਜੀਤ ਸਿੰਘ ਪੱਪੂ, ਲੋਕਲ ਗੁਰਦੁਆਰਾ ਕਮੇਟੀ ਦੇ ਮੈਂਬਰ ਜਥੇਦਾਰ ਗੱਜਣ ਸਿੰਘ, ਸ੍ਰ. ਸੁਖਵਿੰਦਰ ਸਿੰਘ ਪੱਪੂ ਅਤੇ ਸ੍ਰ. ਕਸ਼ਮੀਰ ਸਿੰਘ ਟਰਾਂਸਪੋਟਰ ਸਮੇਤ ਹੋਰ ਵੀ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

# ਐਸ.ਐਸ.ਪੀ. ਕਪੂਰਥਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐਡਵੋਕੇਟ ਚੰਦਨ ਪੂਰੀ, ਮੈਂਬਰ ਸੜਕ ਸੁਰੱਖਿਆ ਕਮੇਟੀ ਪੰਜਾਬ ਵਲੋਂ ਸੜਕ ਸੁਰੱਖਿਆ ਤੇ ਟਰੈਫਿਕ ਨਿਯਮਾਂ ਸੰਬੰਧੀ ਜਾਗਰੂਕਤਾ ਲੈਕਚਰ - ਨਵੇਂ ਟਰੇਨੀ ਕਾਂਸਟੇਬਲਾਂ ਨੂੰ ਦਿੱਤੀ ਗਈ ਵਿਸ਼ੇਸ਼ ਟਰੇਨਿੰਗ

**ਕਪੂਰਥਲਾ**

ਐਸ.ਐਸ.ਪੀ. ਕਪੂਰਥਲਾ ਦੇ ਸਿੱਧੇ ਦਿਸ਼ਾ-ਨਿਰਦੇਸ਼ਾਂ ਹੇਠ ਐਡਵੋਕੇਟ ਚੰਦਨ ਪੂਰੀ, ਮੈਂਬਰ ਸੜਕ ਸੁਰੱਖਿਆ ਕਮੇਟੀ ਪੰਜਾਬ ਵੱਲੋਂ ਇਨ੍ਹਾਂ ਦਿਨੀਂ ਇਨ ਸਰਵਿਸ ਟ?ਰੇਨਿੰਗ ਸੈਂਟਰ, ਕਪੂਰਥਲਾ ਵਿਖੇ ਨਵੇਂ ਟਰੇਨੀ ਕਾਂਸਟੇਬਲਾਂ ਲਈ ਇੱਕ ਵਿਸ਼ੇਸ਼ ਜਾਗਰੂਕਤਾ ਲੈਕਚਰ ਆਯੋਜਿਤ ਕੀਤਾ ਗਿਆ। ਲੈਕਚਰ ਦਾ ਮੁੱਖ ਉਦੇਸ਼ ਨਵੇਂ ਭਰਤੀ ਹੋਏ ਜਵਾਨਾਂ ਨੂੰ ਸੜਕ ਸੁਰੱਖਿਆ, ਟ?ਰੈਫਿਕ ਨਿਯਮਾਂ, ਰੋਡ ਐਕਸਿਡੈਂਟ ਇਨਵੇਸਟਿਗੇਸ਼ਨ ਅਤੇ ਉਨ੍ਹਾਂ ਦੀ ਨੈਤਿਕ ਤੇ ਵਿਧੀਕ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਵਾਉਣਾ ਸੀ।



ਲੈਕਚਰ ਦੌਰਾਨ ਐਡਵੋਕੇਟ ਚੰਦਨ ਪੂਰੀ ਨੇ ਟਰੇਨੀ ਕਾਂਸਟੇਬਲਾਂ ਨੂੰ ਸਮਝਾਇਆ ਕਿ ਕਿਸ ਤਰ੍ਹਾਂ ਇੱਕ ਪੁਲਿਸ ਕਾਂਸਟੇਬਲ ਦੀ ਸੜਕ ਸੁਰੱਖਿਆ ਵਿੱਚ ਕੇਂਦਰੀ ਭੂਮਿਕਾ ਹੁੰਦੀ ਹੈ। ਉਨ੍ਹਾਂ ਨੇ ਰੋਡ ਐਕਸਿਡੈਂਟ ਇਨਵੇਸਟਿਗੇਸ਼ਨ (R.I.A.) ਦੀ ਮਹੱਤਤਾ ਤੇ ਵਿਗਿਆਨਕ ਪੜਤਾਲ ਦੀ ਲੋੜ ਬਾਰੇ ਜਾਣਕਾਰੀ ਦਿੱਤੀ, ਜਿਸ ਰਾਹੀਂ ਹਾਦਸਿਆਂ ਦੇ ਅਸਲ ਕਾਰਨ ਪਤਾ ਲਗਾ ਕੇ ਉਨ੍ਹਾਂ ਨੂੰ ਰੋਕਣ ਲਈ ਨੀਤੀਆਂ ਬਣਾਈਆਂ ਜਾ ਸਕਦੀਆਂ ਹਨ।

ਇਸ ਦੇ ਨਾਲ ਹੀ, ਐਡਵੋਕੇਟ ਪੂਰੀ ਨੇ ਨਿਊ ਕਾਰ ਅਸੈਸਮੈਂਟ ਪ੍ਰੋਗਰਾਮ (NCAP) ਦੀ ਵੀ ਚਰਚਾ ਕੀਤੀ, ਜੋ ਸੜਕਾਂ ਉੱਤੇ ਚੱਲ ਰਹੀਆਂ ਗੱਡੀਆਂ ਦੀ ਸੁਰੱਖਿਆ ਸਮਰਥਾ ਨੂੰ ਅੰਕਿਤ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਟ?ਰੈਫਿਕ ਨਿਯਮਾਂ ਦੀ ਪਾਲਣਾ ਨਾ ਸਿਰਫ ਆਮ ਨਾਗਰਿਕਾਂ ਲਈ ਲਾਜ਼ਮੀ ਹੈ, ਸਗੋਂ ਪੁਲਿਸ ਅਧਿਕਾਰੀਆਂ ਲਈ ਇਸ ਦੀ ਪਾਲਣਾ ਅਤੇ ਪ੍ਰਚਾਰ ਦੋਹਾਂ ਵਧੇਰੇ ਜ਼ਰੂਰੀ ਹਨ।

ਉਨ੍ਹਾਂ ਟਰੇਨੀ ਕਾਂਸਟੇਬਲਾਂ ਨੂੰ ਜ਼ੋਰ ਦਿੰਦੇ ਹੋਏ ਕਿਹਾ ਕਿ ਪੁਲਿਸ ਮੁਲਾਜ਼ਮ ਸਿਰਫ ਕਾਨੂੰਨ ਲਾਗੂ ਕਰਨ ਵਾਲਾ ਹੀ ਨਹੀਂ, ਬਲਕਿ ਇੱਕ ਪ੍ਰੇਰਕ ਰੂਪ ਵਿੱਚ ਜਨਤਾ ਨੂੰ ਸਹੀ ਦਿਸ਼ਾ ਦਿਖਾਉਣ ਵਾਲਾ ਮਾਰਗਦਰਸ਼ਕ ਵੀ ਹੈ। ਉਨ੍ਹਾਂ ਨੂੰ ਹਮੇਸ਼ਾ ਜ਼ਿੰਮੇਵਾਰੀਆਂ ਦੇ ਉੱਚ ਮਾਪਦੰਡਾਂ 'ਤੇ ਖਰਾ ਉਤਰਨਾ ਚਾਹੀਦਾ ਹੈ।

ਇਸ ਸੈਸ਼ਨ ਦੌਰਾਨ ਟ?ਰੈਫਿਕ ਐਜੂਕੇਸ਼ਨ ਸੈੱਲ ਵਲੋਂ ਵੀ ਵਿਸ਼ੇਸ਼ ਪੇਸ਼ਕਸ਼ ਕੀਤੀ ਗਈ, ਜਿਸ ਰਾਹੀਂ ਨਵੇਂ ਟਰੇਨੀ ਕਾਂਸਟੇਬਲਾਂ ਨੂੰ ਟਰੈਫਿਕ ਨਿਸ਼ਾਨਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਉਨ੍ਹਾਂ ਨੂੰ ਇਹ ਸਮਝਾਇਆ ਗਿਆ ਕਿ ਹਰੇਕ ਸਾਈਨ ਬੋਰਡ ਪਿੱਛੇ ਕੋਈ ਨਾ ਕੋਈ ਮਹੱਤਵਪੂਰਨ ਸੰਦੇਸ਼ ਅਤੇ ਨਿਯਮ ਲੁਕੇ ਹੋਏ ਹਨ, ਜਿਨ੍ਹਾਂ ਦੀ ਪਾਲਣਾ ਕਰਨਾ ਉਨ੍ਹਾਂ ਲਈ ਲਾਜ਼ਮੀ ਹੈ।

ਇਸ ਉਤਸ਼ਾਹਵਰਤ ਲੈਕਚਰ ਵਿੱਚ ਡੀ.ਐਸ.ਪੀ. ਇਨਡੋਰ ਪਰਵੀਨ ਕੌਰ, ਚੀਫ ਲਾਅ ਇੰਸਪੈਕਟਰ ਤਰਸੇਮ ਸਿੰਘ ਅਤੇ ਟ?ਰੈਫਿਕ ਇੰਚਾਰਜ ਦਰਸ਼ਨ ਸਿੰਘ ਵੀ ਹਾਜ਼ਰ ਸਨ। ਉਨ੍ਹਾਂ ਨੇ ਵੀ ਟਰੇਨੀ ਜਵਾਨਾਂ ਨੂੰ ਉਨ੍ਹਾਂ ਦੀ ਵਿਧੀਕ ਭੂਮਿਕਾ, ਟ?ਰੈਫਿਕ ਨਿਯਮਾਂ ਦੀ ਸਮਝ ਅਤੇ ਜਨਤਾ ਨਾਲ ਸੰਵਾਦ ਵਿੱਚ ਸਾਵਧਾਨੀ ਬਾਰੇ ਜਾਗਰੂਕ ਕੀਤਾ।

ਇਹ ਪ੍ਰੋਗਰਾਮ ਨਵੇਂ ਟਰੇਨੀ ਕਾਂਸਟੇਬਲਾਂ ਲਈ ਇੱਕ ਪ੍ਰੇਰਕ ਅਤੇ ਸਿੱਖਣ ਯੋਗ ਅਨੁਭਵ ਰਿਹਾ। ਇਹ ਸੈਸ਼ਨ ਇਸ ਗੱਲ ਦੀ ਪੂਰੀ ਤਸਦੀਕ ਕਰਦਾ ਹੈ ਕਿ ਸੜਕ ਸੁਰੱਖਿਆ ਸਿਰਫ ਕਾਨੂੰਨੀ ਬੰਦੀਸ਼ ਨਹੀਂ, ਸਗੋਂ ਇੱਕ ਸਮਾਜਕ, ਨੈਤਿਕ ਅਤੇ ਮਨੁੱਖੀ ਕਰਤਵ ਹੈ।

## ਟੀਨੀ ਗਲਿੰਪਸ ਸੈਲੂਨ ਇੰਸਟੀਚਿਊਟ ਨੌਜਵਾਨ ਲੜਕੀਆਂ ਟਰੇਨਡ ਕਰਕੇ ਰੁਜ਼ਗਾਰ ਦੇ ਉਪਲਬਧ ਕਰਵਾਏਗੀ ਸੁਨਹਿਰੀ ਮੌਕੇ, ਜਤਿੰਦਰ ਕੌਰ



**ਅੰਮ੍ਰਿਤਸਰ /ਅੰਮ੍ਰਿਤਾ ਭਗਤ**

ਟੀਨੀ ਗਲਿੰਪਸ ਸੈਲੂਨ ਐਂਡ ਇੰਸਟੀਚਿਊਟ ਵੱਲੋਂ ਨੌਜਵਾਨ ਲੜਕੀਆਂ ਨੂੰ ਟ?ਰੇਨਡ ਕਰਕੇ ਉਹਨਾਂ ਦਾ ਭਵਿੱਖ ਉਜਵਲ ਬਣਾਉਣ ਲਈ ਰੁਜ਼ਗਾਰ ਦੇ ਸੁਨਹਿਰੀ ਮੌਕੇ ਪੈਦਾ ਕਰੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਇਨਾਮ ਵੰਡ ਸਮਾਗਮ ਦੌਰਾਨ ਇੰਸਟੀਚਿਊਟ ਦੀ ਐਮਡੀ ਜਤਿੰਦਰ ਕੌਰ ਵੱਲੋਂ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਐਮਡੀ ਜਤਿੰਦਰ ਕੌਰ ਨੇ ਕਿਹਾ ਕਿ ਕੋਸਮਟੋਲੋਜੀ ਅਤੇ ਮੇਕਅਪ ਦਾ ਹੁਨਰ ਪ੍ਰਾਪਤ ਕਰਨ ਤੋਂ ਬਾਅਦ ਸਿਖਿਆਰਥੀਆਂ ਨੂੰ ਇੱਕ ਸ਼ਾਨਦਾਰ ਇਨਾਮ ਵੰਡ ਸਮਾਗਮ ਦੌਰਾਨ ਸਰਟੀਫਿਕੇਟ ਤਕਸੀਮ ਕਰਨ ਤੋਂ ਬਾਅਦ ਦੱਸਿਆ ਗਿਆ ਕਿ ਇੰਸਟੀਟਿਊਟ ਵਿੱਚ ਮੇਕਅਪ ਦੇ ਯੁਗ ਵਿੱਚ ਹੋ ਰਹੀ ਤਕਨੀਕੀ ਤਬਦੀਲੀ ਦੌਰਾਨ ਵਿਦਿਆਰਥੀਆਂ ਨੂੰ ਬਹੁਤ ਹੀ ਤਜਰਬੇਕਾਰ ਅਧਿਆਪਕਾਂ ਵੱਲੋਂ ਟ?ਰੇਨਿੰਗ ਦਿੱਤੀ ਜਾਂਦੀ ਹੈ ਤੇ ਨਾਲ ਹੀ ਟ?ਰੇਨਿੰਗ ਤੋਂ ਬਾਅਦ ਇੰਸਟੀਚਿਊਟ ਵੱਲੋਂ ਸੁਖਿਆਰਥੀਆਂ ਨੂੰ ਦਿੱਤੇ ਗਏ ਸਰਟੀਫਿਕੇਟ 18 ਤੋਂ ਵੱਧ ਕੰਟਰੀਆਂ ਵਿੱਚ ਵੈਲਿਡ ਹਨ ਜੋ ਕਿ ਵਿਦਿਆਰਥੀਆਂ ਕੋਰਸ ਪੂਰਾ ਕਰਨ ਤੋਂ ਬਾਅਦ ਬਾਹਰ ਕਿਸੇ ਵੀ ਦੇਸ਼ ਵਿੱਚ ਜਾ ਕੇ ਵੀ ਕੰਮ ਕਰ ਸਕਦੇ ਹਨ ਤੇ ਆਪਣਾ ਉਜਵਲ ਭਵਿੱਖ ਬਣਾ ਸਕਦੇ ਹਨ।

# ਸਰਕਾਰੀ ਮਿਡਲ ਸਕੂਲ ਵਿਖੇ ਵਾਤਾਵਰਨ ਦਿਵਸ ਮਨਾਇਆ ਗਿਆ

**ਜ਼ੀਰਾ**

ਮਾਨਯੋਗ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਾਨਯੋਗ ਸ਼੍ਰੀ ਰਜੇਸ਼ ਕੁਮਾਰ ਸਟੇਟ ਅਵਾਰਡੀ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ? , ਪ੍ਰਿੰਸੀਪਲ ਮੈਡਮ ਪਰਮਜੀਤ ਕੌਰ, ਪ੍ਰਿੰਸੀਪਲ ਪੀ ਐਮ ਸ੍ਰੀ ਸ ਸ ਸ ਸ ਧੁੱਪਸੜੀ ਅਤੇ ਬੀ ਔਨ ਓ ਬਟਾਲਾ -2, ਪ੍ਰਿੰਸੀਪਲ ਮੈਡਮ ਤੇਜਿੰਦਰ ਕੌਰ, ਪ੍ਰਿੰਸੀਪਲ ਪੀ ਐਮ ਸ੍ਰੀ ਸ ਕੰ ਸ ਕੈਂਪ ਲੜਕੀਆਂ ਦੀ ਯੋਗ ਅਗਵਾਈ ਹੇਠ ਸਰਕਾਰੀ ਮਿਡਲ ਸਕੂਲ ਕੈਂਪ ਲੜਕੇ ਬਟਾਲਾ? ਵਿਖੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਵਾਤਾਵਰਣ ਦਿਵਸ ਨਾਲ ਸੰਬੰਧਿਤ ਲੇਖ ,ਕਵਿਤਾ,ਭਾਸ਼ਣ ਅਤੇ ਚਾਰਟ ਮੁਕਾਬਲੇ ਮੁਕਾਬਲੇ ਕਰਵਾਏ ਗਏ ਮੈਡਮ ਰਣਜੀਤ ਕੌਰ ਬਾਜਵਾ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਤੇ ਸੰਭਾਲ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ। ਉਹਨਾਂ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਦੀ ਵਰਤੋਂ ਤੋਂ ਗ਼ੁਰੇਜ਼ ਕਰਨ ਅਤੇ ਸਿੰਗਲ ਯੂਜ਼ ਪਲਾਸਟਿਕ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਵਾਤਾਵਰਣ ਸੰਭਾਲ ਪਾਣੀ ਸੰਭਾਲ , ਪ੍ਰਦੂਸ਼ਣ ਹਟਾਓ ਆਦਿ ਵਿਸ਼ਿਆਂ ਤੇ ਕਵਿਤਾਵਾਂ ਵੀ ਲਿਖੀਆਂ। ਸਕੂਲ ਵਿੱਚ 'ਸਿੰਗਲ ਯੂਜ਼ ਪਲਾਸਟਿਕ ', ਰੁੱਖ ਦਾ ਅਹਿਸਾਸ ', 'ਵਾਤਾਵਰਨ ਸੰਭਾਲ 'ਆਦਿ ਵਿਸ਼ਿਆਂ ਉੱਤੇ ਲੇਖ ਮੁਕਾਬਲਾ ਕਰਵਾਇਆ ਗਿਆ। ਵਿਦਿਆਰਥੀਆਂ ਨੇ ਵਾਤਾਵਰਣ ਸੰਭਾਲ ਅਤੇ ਨੋ-ਪਲਾਸਟਿਕ ਸਿਰਲੇਖ ਹੇਠ ਚਾਰਟ ਮੇਕਿੰਗ ਮੁਕਾਬਲੇ ਵਿੱਚ ਵੀ ਭਾਗ ਲਿਆ। ਵਾਤਾਵਰਣ ਦਿਵਸ ਨੂੰ ਸਮਰਪਿਤ ਸਕੂਲ ਦੇ ਵਿਹੜੇ ਵਿੱਚ ਆਯੂਰਵੈਦਿਕ ਬੂਟੇ ਲਗਾਏ ਗਏ। ਵਿਦਿਆਰਥੀਆਂ ਵੱਲੋਂ ਇਸ ਵਿੱਚ ਉਤਸ਼ਾਹ ਪੂਰਵਕ ਹਿੱਸਾ ਲਿਆ ਗਿਆ।ਇਸ ਮੌਕੇ ਸਮੂਹ ਸਟਾਫ਼ ਮੈਡਮ ਗੁਰਜਿੰਦਰ ਕੌਰ,ਮੈਡਮ ਅੰਜੂ ਬਾਲਾ, ਸ੍ਰੀ ਵਿਜੈ ਕੁਮਾਰ ,ਮੈਡਮ ਪ੍ਰਦੀਪ ਕੌਰ, ਮੈਡਮ ਸੁਜਾਤਾ , ਅਤੇ ਵਿਦਿਆਰਥੀਆਂ ਹਾਜ਼ਰ ਰਹੇ।



## ਨਿਗਮ ਦੀ ਆਟੋਵਰਕਸ਼ਾਪ ਦੇ ਪੈਟਰੋਲ ਅਤੇ ਡੀਜਲ ਦੀ ਧਾਦਲੀ ਦੀ ਜਾਂਚ ਵਿੱਚ ਪਾਏ ਗਏ ਦੋਸ਼ੀਆਂ ਤੇ ਹੋਵੇਗੀ ਸਖਤ

**ਅੰਮ੍ਰਿਤਸਰ / ਅੰਮ੍ਰਿਤਾ ਭਗਤ**

ਪਿਛਲੇ ਦਿਨੇ ਅਖਬਾਰਾ ਵਿੱਚ ਨਿਗਮ ਆਟੋਵਰਕਸ਼ਾਪ ਦੇ ਵਿੱਚ ਮੁਲਾਜਮਾ ਵਲੋਂ ਪੈਟਰੋਲ ਅਤੇ ਡੀਜਲ ਦੀ ਖਪਤ ਵਿੱਚ ਕੀਤੀ ਜਾ ਰਹੀ ਧਾਂਦਲੀ ਬਾਰੇ ਖਬਰ ਦਾ ਕਮਿਸ਼ਨਰ ਨਗਰ ਨਿਗਮ, ਗੁਲਪ੍ਰੀਤ ਸਿੰਘ ਔਲਖ ਵਲੋਂ ਸਖਤ ਨੋਟਿਸ ਲਿਆ ਗਿਆ ਅਤੇ ਇਸ ਮਾਮਲੇ ਦੀ ਜਾਂਚ ਪੜਤਾਲ ਕਰਨ ਲਈ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਦੀ ਡਿਊਟੀ ਲਗਾਈ ਗਈ। ਅੱਜ ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਦੇ ਹੁਕਮਾਂ ਅਨੁਸਾਰ ਕਾਰਵਾਈ ਕਰਦੇ ਹੋਏ, ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵਲੋਂ ਨਗਰ ਨਿਗਮ, ਆਟੋਵਰਕਸ਼ਾਪ ਦਾ ਦੌਰਾ ਕੀਤਾ ਗਿਆ ਅਤੇ ਮੌਕੇ ਤੇ ਮੌਜੂਦ ਕਰਮਚਾਰੀਆਂ ਪਾਸੋ ਰਿਕਾਰਡ ਦੀ ਘੋਖ ਪੜਤਾਲ ਕੀਤੀ ਗਈ ਅਤੇ ਅਖਬਾਰ ਵਿੱਚ ਛੱਪੀ ਖਬਰ ਦੇ ਸਬੰਧ ਵਿੱਚ ਪੁੱਛਿਆ ਗਿਆ। ਵਧੀਕ ਕਮਿਸ਼ਨਰ ਨੇ ਦੱਸਿਆਂ ਕਿ ਉਹ ਆਪਣੇ ਜਾਂਚ ਪੜਤਾਲ ਜਲਦ ਹੀ ਮੁਕੰਮਲ ਕਰਕੇ ਕਮਿਸ਼ਨਰ ਨਗਰ ਨਿਗਮ ਨੂੰ ਸੌਂਪ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਧਾਂਦਲੀ ਵਿੱਚ ਦੋਸ਼ੀ ਪਾਏ ਗਏ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਕਿਸੇ ਵੀ ਹਾਲਤ ਵਿੱਚ ਬਖਸੀਆਂ ਨਹੀਂ ਜਾਵੇਗਾ, ਉਸ ਨੂੰ ਸਖਤ ਤੋਂ ਸਖਤ ਬਣਦੀ ਸਜਾ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਮੁਲਾਜਮਾ ਵਲੋਂ ਕੀਤਾ ਗਿਆ ਇਹ ਮੰਦਭਾਗਾ ਕੰਮ ਨਗਰ ਨਿਗਮ ਲਈ ਬੜਾ ਨਿਰਾਸ਼ਾਯੋਗ ਹੈ,ਅਤੇ ਇਸ ਲਈ ਦੋਸ਼ਿਆਂ ਨੂੰ ਬਖਸੀਆਂ ਨਹੀਂ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਆਟੋਵਰਕਸ਼ਾਪ ਵਿਖੇ ਕੰਪੂਟਰ ਸ਼ਿਸਟਮ ਚਾਲੂ ਕੀਤਾ ਜਾਵੇਗਾ ਅਤੇ ਸੀ.ਸੀ.ਟੀ.ਵੀ ਕੈਮਰੇ ਵੀ ਲਗਾਏ ਜਾਣਗੇ ਤਾਂ ਜੋ ਅਗੋ ਅਜਿਹੀ ਗਤੀਵੀਧੀਆਂ ਤੇ ਰੋਕ ਲੱਗ ਸਕੇ ਅਤੇ ਆਟੋਵਰਕਸ਼ਾਪ ਦੇ ਕੰਮ ਕਾਰ ਦੀ ਬਕਾਇਦਾ ਨਿਗਰਾਨੀ ਰੱਖੀ ਜਾਵੇਗੀ।



## ਚੋਣ ਤਹਿਸੀਲਦਾਰ ਵੱਲੋਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ

**ਜਲੰਧਰ:** ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ ਨੂੰ ਹੋਰ ਬਿਹਤਰ ਬਣਾਉਣ ਲਈ ਚੋਣ ਤਹਿਸੀਲਦਾਰ, ਜਲੰਧਰ ਸੁਖਦੇਵ ਸਿੰਘ ਵੱਲੋਂ ਅੱਜ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਬੂਥ ਲੈਵਲ ਏਜੰਟਾਂ ਦੀ ਨਿਯੁਕਤੀ ਸਬੰਧੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਬੂਥ ਲੈਵਲ ਏਜੰਟਾਂ ਦੀ ਨਿਯੁਕਤੀ ਸਬੰਧੀ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ ਅਤੇ ਕਮਿਸ਼ਨ ਦੇ ਨਿਰਦੇਸ਼ਾਂ ਮੁਤਾਬਕ ਜ਼ਿਲ੍ਹੇ ਦੇ ਸਮੂਹ ਪੋਲਿੰਗ ਸਟੇਸ਼ਨਾਂ 'ਤੇ ਬੂਥ ਲੈਵਲ ਅਫ਼ਸਰਾਂ ਦੀ ਸਹਾਇਤਾ ਲਈ ਬੂਥ ਲੈਵਲ ਏਜੰਟ ਨਿਯੁਕਤ ਕਰਨ ਦੀ ਅਪੀਲ ਕੀਤੀ। ਚੋਣ ਤਹਿਸੀਲਦਾਰ ਵੱਲੋਂ ਭਾਰਤ ਚੋਣ ਕਮਿਸ਼ਨ ਵੱਲੋਂ ਰਿਵਾਈਜ਼ ਕੀਤੇ ਬੀ.ਐਲ.ਏ.-2 (2*1-2) ਫਾਰਮ ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਬੂਥ ਲੈਵਲ ਏਜੰਟ ਦੀਆਂ ਜ਼ਿੰਮੇਵਾਰੀਆਂ ਬਾਰੇ ਦੱਸਿਆ ਗਿਆ ਕਿ ਉਨ੍ਹਾਂ ਵੱਲੋਂ ਪੋਲਿੰਗ ਏਰੀਏ ਵਿੱਚ ਵੋਟ ਬਣਾਉਣ ਤੋਂ ਰਹਿ ਗਏ 18 ਸਾਲ ਅਤੇ ਇਸ ਤੋਂ ਵੱਧ ਉਮਰ ਵਰਗ ਦੇ ਵਿਅਕਤੀਆਂ ਦੀ ਸੂਚੀ, ਮਰ ਚੁੱਕੇ ਅਤੇ ਸ਼ਿਫਟ ਹੋ ਚੁੱਕੇ ਵੋਟਰਾਂ ਦੀ ਸੂਚੀ ਬੂਥ ਲੈਵਲ ਅਫ਼ਸਰ ਨੂੰ ਦਿੱਤੀ ਜਾਣੀ ਹੈ। ਸਮੂਹ ਨੁਮਾਇੰਦਿਆਂ ਨੇ ਲੈਵਲ ਏਜੰਟਾਂ ਦੀ ਨਿਯੁਕਤੀ ਸਬੰਧੀ ਜਲਦ ਜਾਣਕਾਰੀ ਸਾਂਝੀ ਕਰਨ ਦਾ ਭਰੋਸਾ ਦਿੱਤਾ।



# ਔਰਤਾਂ ਦੀ ਸੁਰੱਖਿਆ ਨੂੰ ਮੁਕੰਮਲ ਤੌਰ 'ਤੇ ਯਕੀਨੀ ਬਣਾਏਗਾ ਪ੍ਰੋਜੈਕਟ ਹਿਫਾਜਤ

- ਕਿਸੇ ਵੀ ਤਰ੍ਹਾਂ ਦੀ ਹਿੰਸਾ ਤੋਂ ਪੀੜਤ ਔਰਤਾਂ ਦੀ ਕੀਤੀ ਜਾਵੇਗੀ ਮਦਦ
- ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਸੰਬੰਧਤ ਵਿਭਾਗਾਂ ਵੱਲੋਂ ਮੀਟਿੰਗ

**ਬੰਗਾ/ਸ਼ਹੀਦ ਭਗਤ ਸਿੰਘ ਨਗਰ/ਜਗਦੀਸ਼ ਲਾਲ ਕਲਸੀ**

ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਜਿਲਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਪ੍ਰਧਾਨਗੀ ਹੇਠ ਪ੍ਰੋਜੈਕਟ ਹਿਫਾਜਤ ਅਧੀਨ ਔਰਤਾਂ ਦੀ ਸੁਰੱਖਿਆ ਲਈ ਹੋਰ ਪੁਖਤਾ ਇੰਤਜ਼ਾਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਜ਼ਿਲ੍ਹਾ ਪ੍ਰੋਗਰਾਮ ਅਫਸਰ ਨੇ ਵੱਖ-ਵੱਖ ਬਲਾਕਾਂ ਤੋਂ ਹਾਜ਼ਰ ਹੋਈਆਂ ਆਂਗਣਵਾੜੀ ਸੁਪਰਵਾਈਜ਼ਰਾਂ ਨੂੰ ਪ੍ਰੋਜੈਕਟ ਹਿਫਾਜ਼ਤ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪ੍ਰੋਜੈਕਟ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਉਠਾਇਆ ਗਿਆ ਇੱਕ ਠੋਸ ਕਦਮ ਹੈ ਜਿਸ ਵਿੱਚ ਵੱਖ-ਵੱਖ ਵਿਭਾਗ ਪੁਲਿਸ, ਇਸਤਰੀ ਤੇ ਬਾਲ ਵਿਕਾਸ, ਸਿਹਤ ਦੇ ਨਾਲ-ਨਾਲ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਵੀ ਮਹੱਤਵਪੂਰਨ ਰੋਲ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਰਕਾਰ ਵੱਲੋਂ ਵਿਸਥਾਰਤ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ ਜਿਸ ਵਿੱਚ ਹਰ ਵਿਭਾਗ ਦੀ ਭੂਮਿਕਾ ਬਾਰੇ ਦਸਿਆ ਗਿਆ ਹੈ।



ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਦੱਸਿਆ ਕਿ ਪ੍ਰੋਜੈਕਟ ਹਿਫਾਜਤ ਦਾ ਮੁੱਖ ਮੰਤਵ ਕਿਸੇ ਵੀ ਤਰ੍ਹਾਂ ਦੀ ਹਿੰਸਾ (ਜਿਵੇਂ ਕਿ ਮਾਨਸਿਕ ਹਿੰਸਾ, ਸਰੀਰਕ ਹਿੰਸਾ, ਜਿਨਸੀ ਹਿੰਸਾ ਜਾਂ ਵਿੱਤੀ ਹਿੰਸਾ) ਦੀ ਸ਼ਿਕਾਰ ਔਰਤ ਨੂੰ ਹਰ ਪੱਖੋਂ ਸੁਰੱਖਿਆ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਪ੍ਰੋਜੈਕਟ ਹਿਫਾਜਤ ਤਹਿਤ ਔਰਤ ਨੂੰ ਸ਼ੈਲਟਰ ਪ੍ਰਦਾਨ ਕਰਨਾ, ਮੈਡੀਕਲ ਸਹੂਲਤ ਪ੍ਰਦਾਨ ਕਰਨਾ, ਕਾਊਂਸਲਿੰਗ ਸਹੂਲਤ ਪ੍ਰਦਾਨ ਕਰਨਾ ਜਾਂ ਫਿਰ ਲੋੜ ਅਨੁਸਾਰ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਐਫ ਆਈ ਆਰ ਦਰਜ ਕਰਵਾਉਣਾ ਆਦਿ ਸਹੂਲਤਾਂ ਸ਼ਾਮਿਲ ਹਨ। ਉਨ੍ਹਾ ਦੱਸਿਆ ਕਿ ਪ੍ਰੋਜੈਕਟ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਕੇਸ ਦੇ ਪ੍ਰਾਪਤ ਹੋਣ ਤੇ ਸੰਬੰਧਤ ਸੀਡੀਪੀਓ, ਜੋ ਕਿ ਪ੍ਰੋਜੈਕਟ ਹਿਫਾਜ਼ਤ ਅਧੀਨ ਬਤੌਰ ਪ੍ਰੋਟੈਕਸ਼ਨ ਅਫਸਰ ਨਾਮਜ਼ਦ ਕੀਤੇ ਗਏ ਹਨ, ਵੱਲੋਂ ਆਪਣੇ ਸਰਕਲ ਪ੍ਰੋਟੈਕਸ਼ਨ ਅਫਸਰ (ਸੁਪਰਵਾਈਜਰ) ਸਮੇਤ ਪੁਲਿਸ ਮਹਿਲਾ ਮਿੱਤਰ, ਪੀੜਿਤਾ ਦੇ ਘਰ ਵਿਜਿਟ ਕੀਤਾ ਜਾਵੇਗਾ ਅਤੇ ਲੋੜ ਅਨੁਸਾਰ ਉਸ ਔਰਤ ਨੂੰ ਸਹੂਲਤ ਮੁਹਈਆ ਕਰਵਾਉਣ ਲਈ ਕਾਰਵਾਈ ਕੀਤੀ ਜਾਵੇਗੀ। ਜਿਕਰਯੋਗ ਹੈ ਕਿ ਪ੍ਰੋਜੈਕਟ ਅਧੀਨ ਡੀਲ ਕੀਤੇ ਗਏ ਕੇਸਾਂ ਸਬੰਧੀ ਮਹੀਨਾ ਵਾਰ ਰਿਪੋਰਟ ਨੋਡਲ ਅਫਸਰ ਜਿਲ੍ਹਾ ਪ੍ਰੋਗਰਾਮ ਅਫਸਰ ਜੀ ਨੂੰ ਪੇਸ਼ ਕੀਤੀ ਜਾਵੇਗੀ। ਮੌਕੇ 'ਤੇ ਪੁਲਿਸ ਵਿਭਾਗ ਵੱਲੋਂ ਡੀ.ਐਸ.ਪੀ. (ਡੀ) ਨਿਰਮਲ ਸਿੰਘ ਵੱਲੋਂ ਪੂਰਾ ਵਿਸ਼ਵਾਸ ਦਵਾਇਆ ਗਿਆ ਕਿ ਇਸ ਪ੍ਰੋਜੈਕਟ ਦੀ ਕਾਰਗੁਜ਼ਾਰੀ ਵਿੱਚ ਅਤੇ ਕਿਸੇ ਵੀ ਤਰ੍ਹਾਂ ਦੀ ਹਿੰਸਾ ਨਾਲ ਪੀੜਿਤ ਔਰਤਾਂ ਅਤੇ ਬੱਚਿਆਂ ਦੇ ਕੇਸ ਨੂੰ ਡੀਲ ਕਰਦੇ ਸਮੇਂ ਉਸਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਿਸ ਵਿਭਾਗ ਵੱਲੋਂ ਪੂਰਨ ਸਹਿਯੋਗ ਜਰੂਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਹਨਾਂ ਵੱਲੋਂ ਵੂਮੈਨ ਹੈਲਪਲਾਈਨ 181 ਅਤੇ ਪੁਲਿਸ ਵਿਭਾਗ ਅਧੀਨ ਐਮਰਜੰਸੀ ਨੰਬਰ 112 ਬਾਰੇ ਜਾਣੂ ਕਰਵਾਇਆ ਗਿਆ ਤਾਂ ਜੋ ਕਿਸੇ ਵੀ ਸਮੇਂ ਇਮਰਜੇਂਸੀ ਹੋਣ ਤੇ ਕੋਈ ਵੀ ਵਿਅਕਤੀ ਇਸ ਨੰਬਰ ਤੇ ਕਾਲ ਕਰਕੇ ਆਪਣੇ ਨਾਲ ਵਾਪਰੀ ਕਿਸੇ ਵੀ ਘਟਨਾ ਬਾਰੇ ਸੂਚਨਾ ਦੇ ਸਕਦਾ ਹੈ ਅਤੇ ਪੁਲਿਸ ਦੀ ਮਦਦ ਲੈ ਸਕਦਾ ਹੈ। ਮੀਟਿੰਗ ਦੌਰਾਨ ਜਿਲਾ ਨਵਾਂ ਸ਼ਹਿਰ ਅਧੀਨ ਆਉਣ ਵਾਲੇ ਆਂਗਨਵਾੜੀ ਸੈਂਟਰਾਂ ਤੋਂ ਆਂਗਣਵਾੜੀ ਸੁਪਰਵਾਈਜ਼ਰਾਂ, ਚੇਅਰ ਪਰਸਨ ਬਾਲ ਭਲਾਈ ਕਮੇਟੀ ਸੋਨੀਆ ਅੰਗਰਿਸ਼, ਜ਼ਿਲਾ ਵੋਮੈਨ ਹਬ ਕੋਰਡੀਨੇਟਰ ਸੁਪਰੀਆ ਠਾਕੁਰ, ਸਖੀ ਵਨ ਸਟੋਪ ਸੈਂਟਰ ਤੋਂ ਹਿਮਸ਼ਿਖ਼ਾ ਅਤੇ ਜ਼ਿਲਾ ਪ੍ਰੋਗਰਾਮ ਦਫਤਰ ਤੋਂ ਸੁਰਜੀਤ ਸਿੰਘ ਵੀ ਮੌਜੂਦ ਸਨ।

# ਮਿੱਟਸ ਮੂਵੀ ਦੀ ਫਿਲਮ 'ਦਾਸਤਾਨ - ਏ - ਜੰਗ' ਅੱਜ ਰਿਲੀਜ਼ ਹੋਈ

**ਬਠਿੰਡਾ**

ਮਿੱਟਸ ਮੂਵੀ ਵੱਲੋਂ ਅਮਨ ਅਤੇ ਸ਼ਾਂਤੀ ਦਾ ਸੰਦੇਸ਼ ਦਿੰਦੀ ਫਿਲਮ " ਦਾਸਤਾਨ - ਏ - ਜੰਗ " ਰਿਲੀਜ਼ ਕੀਤੀ ਗਈ। ਇਸ ਫਿਲਮ ਦੀ ਕਹਾਣੀ ਇੱਕ ਇਹੋ ਜਿਹੇ ਪਰਿਵਾਰ ਦੀ ਹੈ , ਜਿਸਦਾ ਮੁੱਖੀਆਂ ਫੌਜ ਦਾ ਜਵਾਨ ਹੁੰਦਾ ਹੈ ਅਤੇ ਉਹ ਦੁਸ਼ਮਣਾਂ ਨਾਲ ਲੋਹੇ ਨਾਲ ਲੋਹਾ ਲੈਂਦਾ ਹੋਇਆ ਕਿਸੇ ਕਾਰਨ ਲਾਪਤਾ ਹੋ ਜਾਂਦਾ ਹੈ। ਏਥੋਂ ਹੀ ਕਹਾਣੀ ਦਾ ਮੁੱਢ ਬੱਝਦਾ ਹੈ ਅਤੇ ਕਹਾਣੀ ਜਿਉਂ - ਜਿਉਂ ਅੱਗੇ ਵੱਧਦੀ ਹੈ , ਤਿਉਂ - ਤਿਉਂ ਦਰਸ਼ਕਾਂ ਨੂੰ ਭਾਵੁਕ ਕਰਨ ਦੇ ਨਾਲ - ਨਾਲ ਸਾਡੇ ਸਮਾਜ ਨੂੰ ਵੀ ਕੁੱਝ ਸੋਚਣ ਲਈ ਮਜਬੂਰ ਕਰਦੀ ਹੈ। ਫਿਲਮ ਦੀ ਕਹਾਣੀ ਆਰ.ਐਸ. ਪਰਵਾਨਾ ਨੇ ਲਿੱਖੀ ਹੈ , ਇਸਦਾ ਸੰਵਾਦ ਰਚਿਆ ਹੈ ਗੁਰਹਰਪ੍ਰੀਤ ਨੇ ਅਤੇ ਉਸਨੇ ਫਿਲਮ ਵਿੱਚ ਅਹਿਮ ਭੂਮਿਕਾ ਨਿਭਾਉਣ ਦੇ ਨਾਲ ਹੀ ਸਹਾਇਕ ਨਿਰਦੇਸ਼ਕ ਦੀ ਜਿੰਮੇਵਾਰੀ ਅਦਾ ਕੀਤੀ ਹੈ , ਜਦਕਿ ਫਿਲਮ ਦੀ ਨਿਰਦੇਸ਼ਨਾ ਦਿੱਤੀ ਹੈ ਸੱਤਪਾਲ ਬਰਾੜ ਨੇ। ਫਿਲਮ ਨੂੰ ਕੈਮਰਾਬੱਧ ਕੀਤਾ ਹੈ ਕਮਲ ਨੇ। ਫਿਲਮ ਵਿੱਚ ਸੋਨੀ ਨਥਾਣਾ , ਗੁਰਵਿੰਦਰ ਕੌਰ , ਦਿਸ਼ਾ ਭਾਟੀਆ , ਗੁਰਜੰਟ ਸਿੰਘ , ਨਰਿੰਦਰ ਪਰਮਾਰ ਅਤੇ ਭੂਪਿੰਦਰ ਜੱਸਲ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਦੇ ਰਿਲੀਜ਼ ਸਮਾਰੋਹ ਦੌਰਾਨ ਪ੍ਰੋਡਿਊਸਰ ਗੁਰਚਰਨ ਸਿੰਘ ਢਪਾਲੀ ਤੇ ਗੁਰਮੀਤ ਸਿੰਘ ਢਪਾਲੀ ਨੇ ਦੱਸਿਆ ਕਿ ਉਹ ਅੱਗੇ ਤੋਂ ਵੀ ਅਜਿਹੀਆਂ ਸਮਾਜਿਕ ਫਿਲਮਾਂ ਦਰਸ਼ਕਾਂ ਦੇ ਰੁਬਰੂ ਕਰਦੇ ਰਹਿਣਗੇ। ਮਿਟਸ ਮੂਵੀ ਦੇ ਸ਼ੋਸ਼ਲ ਮੀਡੀਆ ਮੈਨੇਜਰ ਜਿੰਮੀ ਭਿਡੇ ਹੈ। ਦਾਸਤਾਨ - ਏ - ਜੰਗ ਫਿਲਮ ਦੀ ਕਹਾਣੀ ਚੰਗੀ ਹੋਣ ਦੇ ਨਾਲ ਹੀ ਇਸਦੇ ਸੰਵਾਦ ਵੀ ਸੁਣਨਯੋਗ ਹਨ , ਜੋ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣਨਗੇ।




# ਫਿਰੋਜ਼ਪੁਰ ਤੋਂ ਨਾਂਦੇੜ ਹਜ਼ੂਰ ਸਾਹਿਬ ਜਾਣ ਵਾਲੀ ਟਰੇਨ ਨੂੰ ਰਾਣਾ ਸੋਢੀ ਨੇ ਦਿੱਤੀ ਹਰੀ ਝੰਡੀਆਂ, ਟਰੇਨ ਚਲਣ ਤੋਂ ਪਹਿਲਾਂ ਕੀਤੀ ਗਈ ਅਰਦਾਸ

## ਸਿੱਖ ਸੰਗਤਾਂ ਲਈ ਹਜ਼ੂਰ ਸਾਹਿਬ ਲਈ ਟਰੇਨ ਸ਼ੁਰੂ ਕਰਨਾ ਪ੍ਰਧਾਨ ਮੰਤਰੀ ਦਾ ਤੋਹ.ਫ਼ਾ—ਰਾਣਾ ਸੋਢੀ

**ਫਿਰੋਜ਼ਪੁਰ**

ਸਿਮਾਵਰਤੀ ਜ਼ਿਲ੍ਹੇ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਪੂਰੀ ਹੋਈ ਜਦੋਂ ਫਿਰੋਜ਼ਪੁਰ ਤੋਂ ਨਾਂਦੇੜ ਹਜ਼ੂਰ ਸਾਹਿਬ ਲਈ ਟਰੇਨ ਰਵਾਨਾ ਹੋਈ, ਜਿਸ ਨੂੰ ਹਰੀ ਝੰਡੀਆਂ ਦੇਣ ਦੀ ਰਸਮ ਭਾਜਪਾ ਦੇ ਰਾਸ਼ਟਰੀ ਕਾਰਜਕਾਰੀ ਮੈਂਬਰ ਡਾ। ਰਾਣਾ ਗੁਰਮੀਤ ਸਿੰਘ ਸੋਢੀ ਨੇ ਅਦਾ ਕੀਤੀ। ਛਾਵਣੀ ਰੇਲਵੇ ਸਟੇਸ਼ਨ 'ਤੇ ਟਰੇਨ ਚਲਣ ਤੋਂ ਪਹਿਲਾਂ ਅਰਦਾਸ ਕੀਤੀ ਗਈ, ਜਿਸ ਵਿੱਚ ਬਾਬਾ ਕੁਲਦੀਪ ਸਿੰਘ ਚਰਨ ਸਾਹਿਬ ਵਾਲੇ, ਦਲ ਪੰਥ ਦੇ ਮੁੱਖ ਜਥੇਦਾਰ ਬਾਬਾ ਦੀਪ ਸਿੰਘ, ਸੰਤ ਬਾਬਾ ਕਰਮ ਸਿੰਘ ਭਾਵਾਲ ਵਾਲੇ, ਜਥੇਦਾਰ ਬਾਬਾ ਸਤਨਾਮ ਸਿੰਘ ਹਜ਼ੂਰ ਸਾਹਿਬ, ਐਸ.ਜੀ.ਪੀ.ਸੀ. ਮੈਂਬਰ ਸਤਪਾਲ ਸਿੰਘ ਤਲਵੰਡੀ, ਐਸ.ਜੀ.ਪੀ.ਸੀ. ਮੈਂਬਰ ਦਰਸ਼ਨ ਸਿੰਘ ਸ਼ੇਰਖਾਂ, ਬਾਬਾ ਗੁਰਮੇਲ ਸਿੰਘ ਜਾਮਨੀ ਸਾਹਿਬ ਕਾਰ ਸੇਵਾ, ਸੰਤ ਬਾਬਾ ਸੁੱਚਾ ਸਿੰਘ ਨਾਨਕਸਰ ਖ਼ਾਸ ਤੌਰ 'ਤੇ ਹਾਜ਼ਰ ਸਨ। ਭਾਜਪਾ ਨੇਤਾ ਰਾਣਾ ਸੋਢੀ ਨੇ ਸਾਰੇ ਸਿੰਘ ਸਾਹਿਬਾਨ ਨੂੰ ਸੀਰੋਪਾ ਪਹਿਨਾ ਕੇ ਸਨਮਾਨਿਤ ਕੀਤਾ ਅਤੇ ਪੂਰੇ ਸਟੇਸ਼ਨ 'ਤੇ ਜੋ ਬੋਲੇ ਸੋ ਨਹੀਲ ਸੱਤ ਸ਼੍ਰੀਅਕਾਲ ਦੇ ਜੈਘੋਸ਼ ਗੂੰਜੇ। ਐਸ.ਜੀ.ਪੀ.ਸੀ. ਵਲੋਂ ਸੰਗਤਾਂ ਲਈ ਲੰਗਰ ਦੀ ਵੀ ਵਿਵਸਥਾ ਕੀਤੀ ਗਈ। ਰਾਣਾ ਸੋਢੀ ਨੇ ਟਰੇਨ ਚਾਲਕ ਦੇ ਨਾਲ—ਨਾਲ ਹੋਰ ਸਟਾਫ ਮੈਂਬਰਾਂ ਦਾ ਵੀ ਸਨਮਾਨ ਕੀਤਾ।

ਰਾਣਾ ਸੋਢੀ ਨੇ ਦੱਸਿਆ ਕਿ ਫਿਰੋਜ਼ਪੁਰ—ਨਾਂਦੇੜ ਐਕਸਪ੍ਰੈਸ ਗੱਡੀ ਨੰਬਰ 14622 ਹਰ ਹਫ਼ਤੇ ਸ਼ੁੱਕਰਵਾਰ ਨੂੰ ਫਿਰੋਜ਼ਪੁਰ ਤੋਂ ਦੁਪਹਿਰ 1:25 ਵਜੇ ਰਵਾਨਾ ਹੋਏਗੀ, ਜੋ ਕਿ ਨਾਂਦੇੜ ਵਿੱਚ ਐਤਵਾਰ ਨੂੰ ਸਵੇਰੇ 3:30 ਵਜੇ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਹਜ਼ੂਰ ਸਾਹਿਬਨਾਂਦੇੜ ਐਕਸਪ੍ਰੈਸ ਵਿੱਚ ਕੁੱਲ 19 ਕੋਚ ਹੋਣਗੇ, ਜਿਨ੍ਹਾਂ ਵਿੱਚ ਇਕ ਜਨਰੇਟਰ ਕਾਰ, ਇਕ ਲੈਗੇਜ਼ ਵਾਲ, 7 ਸਲੀਪਰ ਕੋਚ, 4 ਜਨਰਲ ਕੋਚ, 4 ਥਰਡ ਏਸੀ ਕੋਚ, ਥਰਡ ਏਸੀ ਇਕਨਾਮਿਕ ਕੋਚ ਅਤੇ 2 ਸੈਕੰਡ ਏਸੀ ਕੋਚ ਦੀ ਸੁਵਿਧਾ ਰਹੇਗੀ। ਉਨ੍ਹਾਂ ਕਿਹਾ ਕਿ ਇਸ ਟਰੇਨ ਦੇ ਚਲਣ ਨਾਲ ਸਿੱਖ ਸੰਗਤਾਂ ਦੇ ਨਾਲਨਾਲ ਸ਼ਿਰਡੀ ਸਾਈ ਬਾਬਾ ਅਤੇ ਸ਼ਨੀ ਸ਼ਿੰਗਣਾਪੁਰ ਜਾਣ ਵਾਲੀ ਸੰਗਤਾਂ ਵਿੱਚ ਵੀ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਫਿਰੋਜ਼ਪੁਰ ਲਈ ਤੋਹਫ਼ਾ ਹੈ ਅਤੇ ਹਮੇਸ਼ਾ ਹੀ ਪ੍ਰਧਾਨ ਮੰਤਰੀ ਨੇ ਪੰਜਾਬ ਦੇ ਭਲੇ ਲਈ ਕਦਮ ਚੁੱਕੇ ਹਨ। ਭਾਜਪਾ ਨੇਤਾ ਰਾਣਾ ਸੋਢੀ ਨੇ ਦੱਸਿਆ ਕਿ 18 ਜੂਨ ਬੁੱਧਵਾਰ ਨੂੰ ਹਰਿਦਵਾਰ ਲਈ ਵੀ ਸਿੱਧੀ ਟ?ਰੇਨ ਚਲੇਗੀ। ਉਨ੍ਹਾਂ ਕਿਹਾ ਕਿ ਮੋਗਾ ਤੋਂ ਦਿੱਲੀ ਲਈ ਚਲਣ ਵਾਲੀ ਮੋਗਾ ਇੰਟਰਸਿਟੀ ਸੁਪਰਫਾਸਟ ਐਕਸਪ੍ਰੈਸ ਗੱਡੀ ਨੂੰ ਰੇਲਵੇ ਵੱਲੋਂ ਵਧਾ ਕੇ ਹੁਣ ਫਿਰੋਜ਼ਪੁਰ ਤੋਂ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਗੱਡੀ ਸੋਮਵਾਰ ਅਤੇ ਸ਼ੁੱਕਰਵਾਰ ਨੂੰ ਹੁਣ ਫਿਰੋਜ਼ਪੁਰ ਤੋਂ ਚਲੇਗੀ, ਜਿਸ ਨਾਲ ਜ਼ਿਲ੍ਹੇ ਦੇ ਲੋਕਾਂ ਨੂੰ ਭਰਪੂਰ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਉਸੇ ਤਰ੍ਹਾਂ ਲੰਮੇ ਸਮੇਂ ਤੋਂ ਬੰਦ ਪਈ ਫਿਰੋਜ਼ਪੁਰ—ਚੰਡੀਗੜ੍ਹ ਗੱਡੀ ਵੀ ਏਸੀ ਕੋਚਾਂ ਨਾਲ ਜੂਨ ਦੇ ਆਖਰੀ ਹਫ਼ਤੇ ਜਾਂ ਫਿਰ ਜੁਲਾਈ ਦੇ ਪਹਿਲੇ ਹਫ਼ਤੇ ਵਿੱਚ ਸ਼ੁਰੂ ਹੋ ਜਾਵੇਗੀ। ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਇੱਥੇ ਦੇ ਲੋਕਾਂ ਨੂੰ ਸਾਹਮਣੇ ਆ ਰਹੀਆਂ ਸਮੱਸਿਆਵਾਂ ਨੂੰ ਉਨ੍ਹਾਂ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਦੇ ਸਾਹਮਣੇ ਉਠਾਇਆ ਸੀ ਅਤੇ ਰੇਲ ਮੰਤਰਾਲੇ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਮਨਜ਼ੂਰ ਕਰਦਿਆਂ ਫਿਰੋਜ਼ਪੁਰ ਨੂੰ ਵੱਡਾ ਤੋਹਫ਼ਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਿਮਾਵਰਤੀ ਜ਼ਿਲ੍ਹਾ ਫਿਰੋਜ਼ਪੁਰ ਵੱਲ ਪੂਰਾ ਧਿਆਨ ਹੈ ਅਤੇ ਇੱਥੇ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਟਰੇਨ ਵਿੱਚ ਸਵਾਰ ਯਾਤਰੀ ਸਰਤਬੀਰ ਸਿੰਘ ਬਰਾੜ, ਨਿਵਾਸੀ ਪਿੰਡ ਨੂਰਪੁਰ ਸੇਠਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹਜ਼ੂਰ ਸਾਹਿਬ ਲਈ ਸਿੱਧੀ ਟਰੇਨ ਚਲਾ ਕੇ ਸਿੱਖ ਸੰਗਤਾਂ ਨੂੰ ਤੋਹਫ਼ਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਹੀ ਟਰੇਨ ਚਲਣ ਦੀ ਜਾਣਕਾਰੀ ਮਿਲੀ, ਉਨ੍ਹਾਂ ਆਪਣੀ ਪਤਨੀ ਦੇ ਨਾਲ ਹਜ਼ੂਰ ਸਾਹਿਬ ਦੇ ਦਰਸ਼ਨ ਲਈ ਜਾਣ ਦੀ ਯੋਜਨਾ ਬਣਾਈ।





## ਵਿਦੇਸ਼ ਭੇਜਣ ਦੇ ਨਾਂ ਤੇ ਪਤੀ ਪਤਨੀ ਨੇ ਫ਼ਿਲਮੀ ਐਕਟਰ ਦੀਪ ਗਰੇਵਾਲ ਦੇ ਪੁੱਤਰ ਪ੍ਰੀਤ ਗਰੇਵਾਲ ਨੂੰ ਕਨੇਡਾ ਭੇਜਣ ਲਈ 14 ਲੱਖ 14 ਹਜਾਰ ਦੀ ਠੱਗੀ ਦਾ ਸ਼ਿਕਾਰ ਬਣਾਇਆ

*11 ਮਹੀਨੇ ਪਹਿਲਾ ਦਰਜ ਮਾਮਲੇ ਚ ਜੂਨ 2025 ਚ ਕੀਤੀ ਪੁਲਸ ਨੇ ਕਾਰਵਾਹੀ , ਠੱਗ ਪਤੀ ਪਤਨੀ ਕੀਤੇ ਕਾਬੂ*

**ਬੰਗਾ /ਜਗਦੀਸ਼ ਲਾਲ ਕਲਸੀ**

ਐਸ ਐਸ ਪੀ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਜੁਲਾਈ 2024 ਵਿੱਚ ਬੰਗਾ ਦੇ ਮੁਹੱਲਾ ਰਲ੍ਹਨਾ ਨਿਵਾਸੀ ਜਸਬਿੰਦਰ ਕੋਰ ਗਰੇਵਾਲ ਪਤਨੀ ਫਿਲਮ ਐਕਟਰ ਦੀਪ ਗਰੇਵਾਲ ਨੇ ਸ਼ਿਕਾਇਤ ਕੀਤੀ ਕਿ ਉਸਦੇ ਪੁੱਤਰ ਪ੍ਰੀਤ ਗਰੇਵਾਲ ਨੂੰ ਬੰਗਾ ਦੇ ਚਰਨ ਕੰਵਲ ਰੋਡ ਨਿਵਾਸੀ ਟ?ਰੇਵਲ ਏਜੇਂਟ ਪਤੀ ਪਤਨੀ ਵਲੋ ਕੱਬਡੀ ਖੇਡ ਦੀ ਆੜ੍ਹ ਵਿੱਚ ਵਿਦੇਸ਼ ਕਨੇਡਾ ਭੇਜਣ ਲਈ 14 ਲੱਖ 14 ਹਜਾਰ ਰੁਪਏ ਦੀ ਠੱਗੀ ਮਾਰੀ।ਇਸ ਘਟਨਾ ਨੂੰ ਠੱਗੀ ਤਾਂ ਕਿਹਾ ਗਿਆ ਕਿਉਕਿ ਟ?ਰੇਵਲ ਏਜੰਟ ਪਤੀ ਪਤਨੀ ਨੇ ਨਾ ਤਾਂ ਉਨ੍ਹਾਂ ਦੇ ਬੇਟੇ ਨੂੰ ਵਿਦੇਸ਼ ਭੇਜਿਆ ,ਤੇ ਮੰਗਣ ਤੇ ਪੈਸੇ ਦੇਣ ਤੋ ਆਨੀ ਕਾਨੀ ਕੀਤੀ ।ਅਖੀਰ ਉਨਾਂ ਨੂੰ ਅਹਿਸਾਸ ਹੋਇਆ ਕਿ ਉਹ ਠਗੇ ਗਏ ਹਨ ਤਾਂ ਅੰਤ ਮਾਮਲਾ ਪੁਲਸ ਦੇ ਧਿਆਨ ਹਿਤ ਲਿਆਂਦਾ ਗਿਆ । ਅਖੀਰ ਡੀਐਸਪੀ ਬੰਗਾ ਦੀ ਜਾਂਚ ਤੇ ਲੀਗਲ ਸਲਾਹਕਾਰ ਦੀ ਰਿਪੋਰਟ ਤੋਂ ਬਾਦ ਆਰੋਪੀ ਪਤੀ ਪਤਨੀ ਤੇ ਮਾਮਲਾ ਦਰਜ ਥਾਣਾ ਸਿਟੀ ਬੰਗਾ ਕੀਤਾ ਗਿਆ । ਐਸ ਐਚ ਓ ਥਾਣਾ ਸਿਟੀ ਬੰਗਾ ਚੋਧਰੀ ਵਾਰਿੰਦਰ ਕੁਮਾਰ ਨੇ ਦਸਿਆ ਕਿ ਪੁਲਸ ਨੇ ਆਰੋਪੀ ਪਤੀ ਪਤਨੀ ਟ?ਰੇਵਲ ਏਜੰਟ ਹਰਪਰੀਤ ਸਿੰਘ ਮੰਨਾ,ਮਨਪ੍ਰੀਤ ਕੌਰ ਨੂੰ ਅਖੀਰ ਠੱਗੀ ਦੇ ਮਾਮਲੇ ਚ ਗਰਿਫਤਾਰ ਕਰ ਲਿਆ। ਪੁਲਸ ਪਾਸ ਇਸ ਜੋੜੇ ਵਲੋ ਹੋਰ ਵੀ ਕਈ ਲੋਕਾਂ ਨਾਲ ਠੱਗੀ ਮਾਰਨ ਦੀ ਜਾਣਕਰੀ ਹੈ। ਐਸ ਐਚ ਓ ਚੋਧਰੀ ਵਰਿੰਡਰ ਕੁਮਾਰ ਮੁਤਾਬਿਕ ਆਰੋਪੀ ਖਿਲਾਫ ਵਖ ਵਖ ਧਾਰਾ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ । ਆਰੋਪੀ ਜੋੜੇ ਨੂੰ ਅਦਾਲਤ ਚ ਪੇਸ਼ ਕਰਕੇ ਉਨਾਂ ਦੇ ਰਿਮਾਂਡ ਲਿਆ ਜਾਏਗਾ ।

# ਭਾਜਪਾ ਨੇਤਾ ਸੰਜੀਵ ਖੰਨਾ ਵੱਲੋਂ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਣੀ ਨੂੰ ਭਾਵੁਕ ਸ਼ਰਧਾਂਜਲੀ

**ਜ਼ੀਰਕਪੁਰ**

ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਣੀ ਦੇ ਅਚਾਨਕ ਦੇਹਾਂਤ ਦੀ ਖ਼ਬਰ ਨੇ ਪੂਰੇ ਭਾਜਪਾ ਪਰਿਵਾਰ ਨੂੰ ਸੋਗ ਵਿੱਚ ਡੁੱਬੋ ਦਿੱਤਾ ਹੈ। ਹਾਲ ਹੀ 'ਚ ਹੋਏ ਇੱਕ ਵਿਮਾਨ ਹਾਦਸੇ ਵਿੱਚ ਰੂਪਾਣੀ ਜੀ ਦੇ ਨਿਧਨ ਦੀ ਖ਼ਬਰ ਮਿਲਦਿਆਂ ਹੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਵਿੱਚ ਸੋਗ ਦੀ ਲਹਿਰ ਦੌੜ ਗਈ।

ਇਸ ਦੁਖਦ ਸਮੇਂ ਵਿੱਚ ਭਾਜਪਾ ਨੇਤਾ ਸੰਜੀਵ ਖੰਨਾ ਨੇ ਡੂੰਘੀ ਸੰਵੇਦਨਾ ਪ੍ਰਗਟ ਕਰਦਿਆਂ ਰੂਪਾਣੀ ਜੀ ਨੂੰ ਭਾਵੁਕ ਸ਼ਰਧਾਂਜਲੀ ਅਰਪਿਤ ਕੀਤੀ। ਅੱਜ ਭਾਜਪਾ ਦਫ਼ਤਰ ਵਿੱਚ ਹੋਏ ਸ਼ੋਕ ਸਮਾਗਮ ਦੌਰਾਨ ਸੰਜੀਵ ਖੰਨਾ ਨੇ ਕਿਹਾ:

"ਵਿਜੈ ਭਾਈ ਰੂਪਾਣੀ ਸਿਰਫ਼ ਇਕ ਕਦਾਵਰ ਆਗੂ ਨਹੀਂ ਸਨ, ਬਲਕਿ ਇੱਕ ਸੱਚੇ ਜਨਸੇਵਕ ਅਤੇ ਭਾਜਪਾ ਦੇ ਵਿਚਾਰਾਂ ਦੇ ਪ੍ਰਮੁੱਖ ਸੰਵਾਹਕ ਵੀ ਸਨ। ਉਨ੍ਹਾਂ ਦੀ ਜ਼ਿੰਦਗੀ ਸਦਾ ਦੇਸ਼-ਹਿੱਤ ਅਤੇ ਜਨਕਲਿਆਣ ਲਈ ਸਮਰਪਿਤ ਰਹੀ। ਗੁਜਰਾਤ ਦੇ ਵਿਕਾਸ ਵਿੱਚ ਉਨ੍ਹਾਂ ਦਾ ਯੋਗਦਾਨ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਹ ਸਾਡੇ ਲਈ ਪ੍ਰੇਰਣਾ ਦੇ ਸਰੋਤ ਸਨ ਅਤੇ ਸਦਾ ਰਹਿਣਗੇ। ਉਨ੍ਹਾਂ ਦੇ ਜਾਣ ਨਾਲ ਪਾਰਟੀ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਇਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਰੂਪਾਣੀ ਜੀ ਦਾ ਵਿਵਹਾਰਿਕ ਅਤੇ ਨਰਮ ਸੁਭਾਵ ਸਾਰਿਆਂ ਨੂੰ ਜੋੜਨ ਵਾਲਾ ਸੀ। ਉਨ੍ਹਾਂ ਨੇ ਰਾਜਨੀਤੀ ਵਿੱਚ ਇਮਾਨਦਾਰੀ, ਧੀਰਜ ਅਤੇ ਅਨੁਸ਼ਾਸਨ ਦਾ ਜੋ ਮਿਸਾਲ ਕਾਇਮ ਕੀਤੀ ਹੈ, ਉਹ ਅੱਜ ਦੇ ਨੌਜਵਾਨਾਂ ਲਈ ਰਾਹ ਦਸੇਰਾ ਹੈ। ਸੰਜੀਵ ਖੰਨਾ ਨੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਪ੍ਰਤੀ ਡੂੰਘੀ ਸੰਵੇਦਨਾ ਜਤਾਈ। ਇਸ ਹਾਦਸੇ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਭਾਜਪਾ ਵਰਕਰ ਅਤੇ ਆਮ ਲੋਕ ਅਜੇ ਵੀ ਇਸ ਖ਼ਬਰ ਤੇ ਵਿਸ਼ਵਾਸ ਨਹੀਂ ਕਰ ਪਾ ਰਹੇ। ਰੂਪਾਣੀ ਜੀ ਦੀਆਂ ਯਾਦਾਂ ਨੂੰ ਨਮਨ ਕਰਦਿਆਂ ਸੰਜੀਵ ਖੰਨਾ ਨੇ ਕਿਹਾ ਕਿ ਪਾਰਟੀ ਉਨ੍ਹਾਂ ਦੇ ਸੁਪਨੇ ਅਤੇ ਵਿਚਾਰਾਂ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ। "ਤੁਹਾਡਾ ਜਾਣਾ ਸਾਡੇ ਲਈ ਨਿੱਜੀ ਤੌਰ 'ਤੇ ਵੱਡੀ ਛਤੀ ਹੈ। ਭਗਵਾਨ ਤੁਹਾਡੀ ਆਤਮਾ ਨੂੰ ਆਪਣੇ ਚਰਨਾਂ 'ਚ ਥਾਂ ਦੇਣ। ਇਸ ਮੌਕੇ ਤੇ ਮੰਡਲ ਪ੍ਰਧਾਨ ਰਾਸ਼ੀ ਅਯਰ, ਪਿੰਡ ਮੰਡਲ ਪ੍ਰਧਾਨ ਸੁਖਦੇਵ ਰਾਣਾ, ਰਾਧੇ ਸ਼ਿਆਮ, ਵਿਜੈ ਦਤਾ, ਰਜਿੰਦਰ ਕੌਸ਼ਿਕ, ਸੁਧੀਰ ਕੰਟੀਵਾਲ, ਪ੍ਰਦੀਪ ਸਿੱਖਾ, ਮੁਕੇਸ਼ ਸ਼ਰਮਾ, ਦੀਪਕ ਜੁਨੇਜਾ, ਸੋਨੂ ਜੋਗੀ, ਪਰਮਜੀਤ ਪੁੰਡੀਰ, ਮਨੀਸ਼ਾ ਸ਼ੋਰਭ, ਕਾਵੇਰੀ ਦੇਵੀ, ਹੈਪੀ ਕੌਸ਼ਲ, ਸੁਮਿਤ ਗੁਪਤਾ ਆਦਿ ਕਈ ਭਾਜਪਾ ਵਰਕਰ ਹਾਜ਼ਰ ਸਨ।



## ਸੰਚਾਰ ਲੇਖਾ ਨਿਯੰਤਰਕ, ਪੰਜਾਬ ਨੇ ਪੀਜੀਆਈਐਮਈਆਰ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ

**ਚੰਡੀਗੜ੍ਹ**

ਸੰਚਾਰ ਮੰਤਰਾਲੇ, ਦੂਰਸੰਚਾਰ ਵਿਭਾਗ (DoT), ਨਵੀਂ ਦਿੱਲੀ ਦੇ ਨੋਡਲ ਦਫ਼ਤਰ, ਰਾਜ ਲਈ ਕੰਟਰੋਲਰ ਸੰਚਾਰ ਲੇਖਾ ਦਫ਼ਤਰ, ਪੰਜਾਬ ਦਫ਼ਤਰ ਨੇ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (PGIMER) PGI, ਚੰਡੀਗੜ੍ਹ ਦੇ ਸਹਿਯੋਗ ਨਾਲ ਚੰਡੀਗੜ੍ਹ ਵਿਖੇ ਖ਼ੂਨਦਾਨ ਕੈਂਪ ਦਾ ਅਯੋਜਨ ਕੀਤਾ । ਇਸ ਮੌਕੇ ਸੰਯੁਕਤ ਕੰਟਰੋਲਰ ਡਾ. ਮਨਦੀਪ ਸਿੰਘ ਨੇ ਸਟਾਫ ਨੂੰ ਖ਼ੂਨਦਾਨ ਦੀ ਮਹੱਤਤਾ ਬਾਰੇ ਜ਼ੋਰ ਦਿੱਤਾ ਅਤੇ ਸਿੱਖਿਅਤ ਕੀਤਾ ਅਤੇ ਇਸਨੂੰ ਸਮਾਜ ਦੀ ਸਭ ਤੋਂ ਵੱਡੀ ਸੇਵਾ ਦੱਸਿਆ। ਅਧਿਕਾਰੀਆਂ ਅਤੇ ਸਟਾਫ ਨੇ ਖੁਸ਼ੀ ਨਾਲ ਖ਼ੂਨਦਾਨ ਲਈ ਸਵੈ-ਇੱਛਾ ਨਾਲ ਹਿੱਸਾ ਲਿਆ । ਖ਼ੂਨਦਾਨੀਆਂ ਦੀ ਟੀਮ ਦੀ ਅਗਵਾਈ ਸ਼੍ਰੀ ਅਕਸ਼ੈ ਗੁਪਤਾ, ਡਿਪਟੀ ਕੰਟਰੋਲਰ ਕਰ ਰਹੇ ਸਨ। ਖ਼ੂਨਦਾਨੀਆਂ ਵਿੱਚ ਖ਼ੂਨਦਾਨ ਦੇ ਤਜਰਬੇ ਨੂੰ ਸਾਂਝਾ ਕਰਦੇ ਹੋਏ, ਸ਼੍ਰੀ ਅਕਸ਼ੈ ਗੁਪਤਾ ਡਿਪਟੀ ਕੰਟਰੋਲਰ ਨੇ ਦੱਸਿਆ ਕਿ ਉਹ ਇੱਕ ਨਿਯਮਤ ਹਰ ਸਾਲ ਖ਼ੂਨਦਾਨ ਕਰਦੇ ਹਨ , ਪੀਜੀਆਈ ਦੇ ਟਰਾਂਸਫਿਊਜ਼ਨ ਵਿਭਾਗ ਦੇ ਮੁਖੀ ਸ਼੍ਰੀ ਆਰ.ਆਰ. ਸ਼ਰਮਾ ਨੇ ਮਨੁੱਖਤਾ ਦੀ ਸੇਵਾ ਵਿੱਚ ਦਫ਼ਤਰ ਦੀ ਭਾਗੀਦਾਰੀ ਦੀ ਸ਼ਲਾਘਾ ਕੀਤੀ। ਖ਼ੂਨਦਾਨੀਆਂ ਨੂੰ ਡਾ. ਆਰ.ਆਰ. ਸ਼ਰਮਾ, ਪ੍ਰੋਫੈਸਰ ਅਤੇ ਟਰਾਂਸਫਿਊਜ਼ਨ ਮੈਡੀਸਨ ਵਿਭਾਗ ਦੇ ਮੁਖੀ, ਪੀਜੀਆਈਐਮਈਆਰ ਅਤੇ ਸਟੇਟ ਬਲੱਡ ਟਰਾਂਸਫਿਊਜ਼ਨ ਕੌਂਸਲ, ਯੂਟੀ ਚੰਡੀਗੜ੍ਹ ਦੁਆਰਾ ਪ੍ਰਸ਼ੰਸਾ ਪੱਤਰ ਜਾਰੀ ਕੀਤੇ ਗਏ।




## ਨੈਸ਼ਨਲ ਡੈਂਗੂ ਕੰਟਰੋਲ ਪ੍ਰੋਗਰਾਮ ਤਹਿਤ ਜ਼ਿਲ੍ਹਾ ਟਾਸਕ ਫੋਰਸ ਦੀ ਬੁਲਾਈ ਮੀਟਿੰਗ

**ਅੰਮ੍ਰਿਤਸਰ**

ਜ਼ਿਲ੍ਹਾ ਕੰਪਲੈਕਸ ਅੰਮ੍ਰਿਤਸਰ ਵਿਖੇ ਵੈਸ਼ਨਲ ਡੈਂਗੂ ਕੰਟਰੋਲ ਪ੍ਰੋਗਰਾਮ ਤਹਿਤ ਦੇ ਸਬੰਧ ਵਿੱਚ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਬੁਲਾਈ ਗਈ, ਜਿਸ ਦੀ ਪ੍ਰਧਾਨਗੀ ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ ਮੱਟੂ ਜੀ ਵੱਲੋ ਕੀਤੀ ਗਈ।ਇਸ ਅਵਸਰ ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਦੀ ਅਗਵਾਈ ਹੇਠਾਂ ਸਿਹਤ ਵਿਭਾਗ, ਨਗਰ ਨਿਗਮ ਅੰਮ੍ਰਿਤਸਰ, ਲੋਕਲ ਬਾਡੀ ਵਿਭਾਗ, ਪੰਜਾਬ ਰੋਡਵੇਜ, ਸਿੱਖਿਆ ਵਿਭਾਗ, ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਮੈਡੀਕਲ ਕਾਲਜ (ਸਰਕਾਰੀ ਅਤੇ ਪ੍ਰਈਵੇਟ), ਆਈ.ਐਮ.ਏ., ਮੱਛੀ ਪਾਲਣ ਵਿਭਾਗ, ਫੂਡ ਸਪਲਾਈ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪਸ਼ੂ ਪਾਲਣ ਵਿਭਾਗ, ਪੰਜਾਬ ਮੰਡੀ ਬੋਰਡ, ਸਮਾਜਿਕ ਸੁਰੱਖਿਆ ਤੇ ਇਸਤਰੀ ਵਿਕਾਸ ਵਿਭਾਗ ਅਤੇ ਖੇਤੀਬਾੜੀ ਵਿਭਾਗ ਦੇ ਨੁਮਾਂਇਦਿਆਂ ਨੇ ਸ਼ਮੂਲਿਅਤ ਕੀਤੀ। ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ ਨੇ ਇਸ ਮੋਕੇ ਸਾਰੇ ਵਿਭਾਗਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੇ ਡੇਂਗੂ ਸੀਜ਼ਨ ਨੂੰ ਮੱਖ ਰੱਖਦਿਆ ਜਾਗਰੂਕਤਾ ਗਤੀਵਿਧੀਆਂ ਅਰੰਭ ਕਰ ਦੇਣ ਅਤੇ ਸਿਹਤ ਵਿਭਾਗ ਨੂੰ ਸਹਿਯੋਗ ਕਰਨ। ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਡੇਗੂ ਅਤੇ ਚਿਕਨਗੁਨੀਆਂ ਦੀ ਬੀਮਾਰੀਆਂ ਬਾਰੇ ਬਹੁਤ ਵਿਸਥਾਰ ਢੰਗ ਨਾਲ ਦੱਸਿਆ ਅਤੇ ਕਿਹਾ ਕਿ ਡੇਗੂ ਤੋ ਬੱਚਣ ਲਈ ਸਭ ਤੋ ਜਿਆਦਾ ਜਰੂ?ਰਗੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ ਅਤੇ ਕਿਸੇ ਵੀ ਜਗਾ?ਹ ਤੇ ਪਾਣੀ ਇਕੱਠਾ ਨਾਂ ਹੋਣ ਦਿੱਤਾ ਜਾਵੇ, ਇਸ ਲਈ ਇਹ ਜਰੂਰੀ ਹੈ ਕਿ ਸਾਰੇ ਵਿਭਾਗ ਮਿਲ ਕੇ ਆਪਣੇ-ਆਪਣੇ ਅਧਿਕਾਰ ਖੇਤਰ ਅੰਦਰ ਡੇਂਗੂ ਬਾਰੇ ਸਰਕਾਰੀ ਗਾਈਡ-ਲਾਈਨਾਂ ਦੀ ਪਾਲਣਾਂ ਯਕੀਨੀ ਬਣਾਓਣ ਅਤੇ ਡੇਂਗੂ ਸੰਬਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਓਣ। ਜਿਲਾ?ਹ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ ਨੇ ਇਸ ਮੌਕੇ ਤੇ ਵੱਖ-ਵੱਖ ਵਿਭਾਗਾਂ ਭੂਮਿਕਾ ਅਤੇ ਜਿੰਮੇਵਾਰੀਆਂ ਬੜੇ ਵਿਸਥਾਰ ਨਾਲ ਦੱਸਿਆ। ਇਸ ਅਵਸਰ ਤੇ ਸਮੂਹ ਪ੍ਰੋਗਰਾਮ ਅਫਸਰ, ਸਮੂਹ ਸੀਨੀਅਰ ਮੈਡੀਕਲ ਅਫਸਰ, ਜਿਲਾ ਐਮ.ਈ.ਆਈ.ਓ ਅਮਰਦੀਪ ਸਿੰਘ, ਏ.ਐਮ.ਉ ਗੁਰਦੇਵ ਸਿੰਘ, ਐਸ.ਆਈ.ਸੁਖਦੇਵ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਨੁਮਾਇਦੇ ਮੋਜੂਦ ਸਨ ।



## (ਕਾਂਗਰਸ ਦੀ ਅਜਮਾਤ ਤੇ ਲਗੇ ਦਾਗ)

# ਰਣਜੀਤ ਹੋਟਲ ਦੋਰਾਹਾ ਦੇ ਘਪਲੇ ਵਿੱਚ ਤੱਤਕਾਲੀਨ ਪ੍ਰਧਾਨ ਬੰਤ ਦੋਬੁਰਜੀ ਅਤੇ ਈ.ਓ ਰਜਨੀਸ਼ ਸੂਦ ਦੋਰਾਹਾਂ ਨਾਮਜਦ

- ਸਾਬਕਾ ਕਾਂਗਰਸੀ ਕੋਸਲਰ ਕੁਲਜੀਤ ਸਿੰਘ ਵਿਕੀ ਦਾ ਜੀਜਾ ਠੇਕੇਦਾਰ ਅਮਰਜੀਤ ਸਿੰਘ ਵੀ ਮਾਮਲੇ ਦਾ ਸੂਤਰਧਾਰ
- ਨਗਰ ਕੌਂਸਲ ਨੂੰ ਹੁਣ ਤੱਕ 5885742/- ਰੁਪਏ ਦਾ ਨੁਕਸਾਨ, ਕਸੂਰਵਾਰ ਵਿਰੁੱਧ ਰਿਕਵਰੀ ਸੂਟ ਦਾਇਰ ਹੋਵੇਗਾ

**ਖੰਨਾ/ਦੋਰਾਹਾ, ਲਾਲ ਸਿੰਘ ਮਾਂਗਟ**

ਵਿਵਾਦਿਤ ਰਣਜੀਤ ਹੋਟਲ ਦੋਰਾਹਾ ਦੇ ਘਪਲੇ ਵਿੱਚ ਕਾਂਗਰਸ ਦੇ ਸਾਬਕਾ ਨਗਰ ਕੋਸਲ ਪ੍ਰਧਾਨ ਬੰਤ ਸਿੰਘ ਦੋਬੁਰਜੀ ਅਤੇ ਈਓ ਰਜਨੀਸ਼ ਸੂਦ ਨੂੰ ਪੁਲਿਸ ਦੀ ਲੰਬੀ ਜਾਚ ਉਪਰੰਤ ਨਾਮਜਦ ਕੀਤਾ ਗਿਆ। ਪੱਤਰ ਨੰਬਰ 644 ਮਿਤੀ 04.11.2022 ਅਤੇ CWP NO 26702 OF 2022 ਮਾਨਯੋਗ ਹਾਈਕੋਰਟ ਚੰਡੀਗੜ੍ਹ ਦੇ ਫੈਸਲੇ ਮਿਤੀ 19/03/2024 ਰਾਹੀ ਸੂਚਿਤ ਕੀਤਾ ਗਿਆ ਕਿ ਨਗਰ ਕੌਂਸਲ ਵੱਲੋਂ ਮਤਾ ਨੰ 40 ਮਿਤੀ 23/06/2017 ਰਾਹੀਂ ਕਮਿਊਨਟਰੀ ਸੈਂਟਰ 01/08/2017 ਤੇ 31/05/2020 ਤੱਕ ਤਿੰਨ ਸਾਲ ਲਈ ਖੁੱਲੀ ਬੋਲੀ ਰਾਹੀਂ ਠੇਕੇ ਤੇ ਦੇਣ ਸਬੰਧੀ ਕਾਰਵਾਈ ਨੂੰ ਕੰਫਰਮ ਕੀਤਾ ਗਿਆ। ਮਿਤੀ 31/05/2017 ਨੂੰ ਪ੍ਰਾਪਤ ਰਿਕਾਰਡ ਅਨੁਸਾਰ ਨਗਰ ਕੌਂਸਲ ਦੀ ਪ੍ਰਧਾਨਗੀ ਅਧੀਨ ਖੁੱਲੀ ਬੋਲੀ ਕਰਵਾਈ ਗਈ ਅਤੇ ਕਾਂਗਰਸ ਦੇ ਤੱਤਕਲੀਨ ਕੋਸਲਰ ਕੁਲਜੀਤ ਸਿੰਘ ਵਿਕੀ ਦੇ ਜੀਜਾ ਸ੍ਰੀ ਅਮਰਜੀਤ ਸਿੰਘ ਪੁੱਤਰ ਸ੍ਰੀ ਹਰੀ ਸਿੰਘ ਪਟਿਆਲਾ ਵੱਲੋਂ 8.22 ਲੱਖ ਰੁਪਏ ਸਲਾਨਾ ਦੀ ਉਚੀ ਬੋਲੀ ਦਿੱਤੀ ਗਈ ਸੀ। ਸਫਲ ਬੋਲੀਕਾਰ ਵੱਲੋਂ ਤਿੰਨ ਦਿਨਾਂ ਦੇ ਅੰਦਰ ਇਕਰਾਰਨਾ ਕਰਨਾਂ ਜਰੂਰੀ ਸੀ,



ਸ਼ਰਤਾਂ ਪੂਰੀਆਂ ਨਾ ਕਰਨ ਤੇ ਅਗਲੇ ਬੋਲੀਕਾਰ ਨੂੰ ਇਹ ਠੇਕਾ ਦੇਣ ਦੀ ਵਿਵਸਥਾ ਸੀ ਅਤੇ ਪਹਿਲੇ ਬੋਲੀਕਾਰ ਦੀ ਬਿਆਨਾ ਰਕਮ ਜ਼ਬਤ ਕੀਤੀ ਜਾਣੀ ਸੀ,ਪਰੰਤੂ ਨਗਰ ਕੌਂਸਲ ਦੀ ਮੀਟਿੰਗ ਮਿਤੀ 19/07/2017 ਨੂੰ ਮੀਟਿੰਗ ਮਿਤੀ 23/06/2017 ਦੀ ਕਾਰਵਾਈ ਪ੍ਰਧਾਨ ਵੱਲੋ ਕੰਫਰਮ ਕਰ ਦਿੱਤੀ ਗਈ ਸੀ। ਪ੍ਰਧਾਨ ਦੀ ਹਾਜਰੀ ਵਿੱਚ ਹੋਈ ਬੋਲੀ ਸਮੇਂ ਵੱਖ-ਵੱਖ ਅਧਿਕਾਰੀ/ਕਰਮਚਾਰੀ ਹਾਜਰ ਆਏ ਸਨ। ਸ੍ਰੀ ਅਮਰਜੀਤ ਸਿੰਘ ਪੁੱਤਰ ਸ੍ਰੀ ਹਰੀ ਸਿੰਘ ਵਸਨੀਕ ਪਟਿਆਲਾ ਨਿਵਾਸੀ ਵੱਲੋਂ ਠੇਕੇ ਦੀ ਮਿਆਦ ਖਤਮ ਹੋਣ ਤੱਕ ਕੋਈ ਕਿਸ਼ਤ ਜਮ?ਹਾਂ ਨਹੀਂ ਕਰਵਾਈ ਗਈ ਅਤੇ ਕਮਿਉਨਟਰੀ ਸੈਂਟਰ ਦੀ ਵਰਤੋਂ ਕੀਤੀ ਜਾਂਦੀ ਰਹੀ, ਨਗਰ ਕੌਂਸਲ ਦਾ ਸਮਾਨ ਖੁਰਦ ਬੁਰਦ ਕਰ ਦਿੱਤਾ ਗਿਆ। ਬਣਦੇ ਟੈਕਸ ਵੀ ਨਾ ਦੇ ਕੇ ਕੌਂਸਲ ਨੂੰ ਵੱਡਾ ਨੁਕਸਾਨ ਪਹੁੰਚਾਇਆ ਗਿਆ। ਇਸ ਲਈ ਸਾਰਾ ਮਾਮਲਾ ਨਗਰ ਕੌਂਸਲ ਦੀ ਇਕਤਰਤਾ ਵਿੱਚ ਵਿਚਾਰਨ ਲਈ ਮਤਾ ਨੰ 103, ਮਿਤੀ 25/07/2022 ਰਾਂਹੀ ਕੇਸ ਦੇ ਨੁਕਸਾਨ ਅਤੇ ਗਬਨ ਕੀਤੀ ਰਕਮ-ਸਮਾਨ ਦੇ ਸਾਰੇ ਫੈਕਟਸ ਮਤੇ ਵਿੱਚ ਲਿਆਂਦੇ ਗਏ ਤਾਂ ਜੋ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ ਅਤੇ ਕਸੂਰਵਾਰ ਵਿਰੁੱਧ ਕਾਰਵਾਈ ਹੋ ਸਕੇ। ਨਗਰ ਕੋਸਲ ਦੇ ਪੱਤਰ ਨੰ 644 ਮਿਤੀ 04/11/2022 ਰਾਹੀ ਕੇਸ ਦੀ ਪੜਤਾਲ ਕਰਨ ਲਈ, ਲੋੜੀਂਦੇ ਦਸਤਾਵੇਜ ਭੇਜ ਕੇ ਕਾਰਵਾਈ ਦੀ ਮੰਗ ਐਸ.ਐਸ.ਪੀ ਖੰਨਾ ਨੂੰ ਕੀਤੀ ਗਈ ਸੀ।ਇਸ ਉਪਰੰਤ ਸਾਬਕਾ ਪ੍ਰਧਾਨ ਵਲੋਂ ਨਗਰ ਕੌਂਸਲ ਦੇ ਮਤਾ ਅਤੇ ਐਸ.ਐਸ.ਪੀ ਖੰਨਾ ਨੂੰ ਲਿਖੇ ਗਏ ਪੱਤਰ ਨੰ 644 ਮਿਤੀ 04/11/2022 ਵਿਰੁੱਧ ਮਾਨਯੋਗ ਹਾਈਕੋਰਟ ਵਿੱਚ ਦਰਖ਼ਾਸਤ ਲਾ ਦਿੱਤੀ। ਹਾਈਕੋਰਟ ਨੇ ਮਾਮਲਾ ਦਰਜ ਕਰਕੇ ਪੁਲਿਸ ਨੂੰ ਡੂੰਘਾਈ ਨਾਲ ਜਾਚ ਕਰਨ ਦੇ ਆਦੇਸ਼ ਕੀਤੇ।ਨਗਰ ਕੌਂਸਲ ਦੋਰਾਹਾ ਨੂੰ ਹੁਣ ਤੱਕ ਵਰਕ ਆਊਟ ਕੀਤੀ 5885742/- ਰੁਪਏ ਦਾ ਨੁਕਸਾਨ ਹੋਇਆ ਹੈ।

ਨਗਰ ਕੌਂਸਲ, ਦੋਰਾਹਾ ਵੱਲੋਂ ਕਮਿਊਨਿਟੀ ਸੈਂਟਰ ਨੂੰ ਠੇਕੇ ਪਰ ਦੇਣ ਸਬੰਧੀ ਬੋਲੀਕਾਰਾ ਨੂੰ 2 ਲੱਖ ਰੁਪਏ ਬਿਆਨਾ ਰਕਮ ਜਮ?ਹਾਂ ਕਰਵਾਉਣ ਲਈ ਸਰਤ ਰੱਖੀ ਗਈ ਸੀ। ਠੇਕੇਦਾਰ ਅਮਰਜੀਤ ਸਿੰਘ ਪਟਿਆਲਾ, ਹਰਵਿੰਦਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਦੋਰਾਹਾ ਅਤੇ ਅਮਰਜੀਤ ਸਿੰਘ ਚੌਹਾਨ ਪੁੱਤਰ ਭਜਨ ਸਿੰਘ ਵਾਸੀ ਲੁਧਿਆਣਾ ਵੱਲੋਂ ਮਿਤੀ 30.05.2017 ਨੂੰ ਲਿਖਤੀ ਦਰਖਾਸਤ ਰਾਹੀ ਡਰਾਫਟ ਦੇ ਰੂਪ ਵਿੱਚ ਬਿਆਨੇ ਦੀ ਰਕਮ 02 ਲੱਖ ਰੁਪਏ ਨਗਰ ਕੋਸਲ ਦੋਰਾਹਾ ਵਿਖੇ ਜਮ?ਹਾ ਕਰਵਾਈ ਗਈ ਸੀ। ਮਿਤੀ 31.05 2017 ਨੂੰ ਨਗਰ ਕੌਂਸਲ ਦੋਰਾਹਾ ਦੇ ਕਾਰਜ ਸਾਧਕ ਅਫਸਰ, ਸੁਪਰਡੈਂਟ ਅਤੇ ਹੋਰ ਅਧਿਕਾਰੀ/ਕਮਰਚਾਰੀਆਂ ਦੀ ਹਾਜਰੀ ਵਿੱਚ ਕਮਿਊਨਿਟੀ ਸੈਂਟਰ, ਦੋਰਾਹਾ ਵਿਖੇ ਕਮਿਊਨਿਟੀ ਸੈਂਟਰ ਨੂੰ ਮਿਤੀ 01.06.2017 ਤੋਂ ਮਿਤੀ 31,05.2020 ਤੱਕ 03 ਸਾਲ ਲਈ ਠੇਕੇ ਪਰ ਦੇਣ ਲਈ ਖੁੱਲੀ ਬੋਲੀ ਦਾ ਆਯੋਜਨ ਕੀਤਾ ਗਿਆ ਸੀ। ਨਗਰ ਕੌਂਸਲ, ਦੋਰਾਹਾ ਵੱਲੋ ਕਮਿਊਨਿਟੀ ਸੈਂਟਰ ਨੂੰ ਠੇਕੇ ਪਰ ਲੈਣ ਵਾਲੇ ਬੋਲੀਕਾਰਾ ਨੂੰ ਠੇਕੇ ਦੀਆਂ ਸ਼ਰਤਾਂ ਸਬੰਧੀ ਲਿਖਤੀ ਰੂਪ ਵਿੱਚ ਜਾਣੂ ਕਰਵਾਇਆ ਗਿਆ ਸੀ। ਜਿਸ ਦੀ ਪੁਸ਼ਟੀ ਨਗਰ ਕੌਂਸਲ, ਦੋਰਾਹਾ ਵੱਲੋਂ ਪੇਸ਼ ਕੀਤੀ ਸ਼ਰਤਾਂ ਦੀ ਲਿਖਤ ਤੋਂ ਹੁੰਦੀ ਹੈ, ਇਸ ਲਿਖਤ ਪਰ ਤਿੰਨੋਂ ਬੋਲੀਕਾਰਾ ਦੇ ਦਸਤਖਤ ਹਨ। ਠੇਕੇਦਾਰ ਅਮਰਜੀਤ ਸਿੰਘ ਪੁੱਤਰ ਹਰੀ ਸਿੰਘ ਵਾਸੀ ਪਟਿਆਲਾ ਵੱਲੋਂ 8,22,000/-ਰੁਪਦੇ ਦੀ ਉੱਚੀ ਬੋਲੀ ਦੇ ਕੇ ਕਮਿਊਨਿਟੀ ਸੈਂਟਰ, ਦੋਰਾਹਾ ਦਾ ਠੇਕਾ ਲਿਆ ਗਿਆ ਸੀ। ਖੁੱਲੀ ਬੋਲੀ ਉਪਰੰਤ ਕਾਰਜ ਸਾਧਕ ਅਫਸਰ, ਦੋਰਾਹਾ ਅਤੇ ਵੱਧ ਬੋਲੀ ਦੇਣ ਵਾਲੇ ਠੇਕੇਦਾਰ ਅਮਰਜੀਤ ਸਿੰਘ ਵਾਸੀ ਪਟਿਆਲਾ ਵਿਚਕਾਰ ਲਿਖਤੀ ਇਕਰਾਰਨਾਮਾ ਹੋਣਾ ਸੀ। ਜਿਸ ਸਬੰਧੀ ਦੋਵੇ ਧਿਰਾਂ ਵੱਲੋ 100/- ਰੁਪਏ ਦੇ ਅਸਟਾਮ ਨੰਬਰ 2481093 ਪਰ ਲਿਖਤ ਕੀਤੀ ਗਈ ਹੈ, ਪਰ ਦੋਵੇਂ ਧਿਰਾਂ ਦੇ ਦਸਤਖਤ ਨਹੀਂ ਹਨ। ਕਾਰਜ ਸਾਧਕ ਅਫਸਰ, ਨਗਰ ਕੌਂਸਲ, ਦੋਰਾਹਾ ਦੀ ਦਰਖਾਸਤ ਅਨੁਸਾਰ ਠੇਕੇਦਾਰ ਅਮਰਜੀਤ ਸਿੰਘ ਉਕਤ ਨੇ ਠੇਕੇ ਸਬੰਧੀ ਨਗਰ ਕੌਂਸਲ, ਦੋਰਾਹਾ ਨਾਲ ਲਿਖਤੀ ਇਕਰਾਰਨਾਮਾ ਨਹੀਂ ਕੀਤਾ ਗਿਆ, ਪਰ ਠੇਕੇਦਾਰ ਅਮਰਜੀਤ ਸਿੰਘ ਵੱਲੋਂ ਠੇਕੇ ਦੀ ਮਿਆਦ ਖਤਮ ਹੋਣ ਤੱਕ ਨਗਰ ਕੌਂਸਲ ਪਾਸ ਕੋਈ ਕਿਸਤ ਜਮ?ਹਾਂ ਨਹੀ ਕਰਵਾਈ ਗਈ, ਜਿਸ ਵੱਲੋਂ ਨਗਰ ਕੌਂਸਲ ਦਾ ਸਮਾਨ ਅਤੇ ਬਣਦੇ ਟੈਕਸ ਨੂੰ ਖੁਰਦ ਬੁਰਦ ਕਰਕੇ ਨਗਰ ਕੌਂਸਲ, ਦੋਰਾਹਾ ਨੂੰ ਵੱਡਾ ਨੁਕਸਾਨ ਪਹੁੰਚਾਇਆ ਗਿਆ। ਨਗਰ ਕੌਂਸਲ, ਦੋਰਾਹਾ ਵੱਲੋਂ ਠੇਕੇਦਾਰ ਅਮਰਜੀਤ ਸਿੰਘ ਨੂੰ ਠੇਕੇ ਸਬੰਧੀ ਇਕਰਾਰਨਾਮਾ ਕਰਨ ਅਤੇ ਬਣਦੀ ਕਿਸ਼ਤ ਜਮ?ਹਾਂ ਕਰਵਾਉਣ ਸਬੰਧੀ ਚਾਰ ਨੋਟਿਸ ਜਾਰੀ ਕੀਤੇ ਗਏ ਸਨ।

ਨਗਰ ਕੋਸਲ ਵਲੋਂ ਸੁਪਰਡੈਂਟ, ਏ.ਐਮ.ਬੀ ਭਾਗ ਅਫਸਰ ਅਤੇ ਕਲਰਕ ਦੀ ਹਾਜਰੀ ਵਿੱਚ ਠੇਕੇਦਾਰ ਅਮਰਜੀਤ ਸਿੰਘ ਪਾਸੋਂ ਕਮਿਊਨਿਟੀ ਸੈਂਟਰ, ਦੋਰਾਹਾ ਦਾ ਕਬਜਾ ਹਾਸਲ ਕੀਤਾ ਗਿਆ ਸੀ। ਇਸ ਉਪਰੰਤ ਨਗਰ ਕੌਂਸਲ, ਦੋਰਾਹਾ ਵੱਲੋਂ ਠੇਕੇਦਾਰ ਅਮਰਜੀਤ ਸਿੰਘ ਨੂੰ ਠੇਕੇ ਦੀ ਰਕਮ ਜਮ?ਹਾਂ ਕਰਵਾਉਣ ਸਬੰਧੀ ਨੋਟਿਸ ਪੱਤਰ ਨੰਬਰ 665, ਮਿਤੀ 16.09.2020 ਜਾਰੀ ਕਰਦਿਆਂ ਸੂਚਿਤ ਕੀਤਾ ਗਿਆ ਸੀ ਕਿ ਜੇਕਰ ਠੇਕੇਦਾਰ ਅਮਰਜੀਤ ਸਿੰਘ ਠੇਕੇ ਦੀ ਰਕਮ ਜਮ?ਹਾਂ ਨਹੀ ਕਰਵਾਉਂਦਾ ਤਾਂ ਨਗਰ ਕੌਂਸਲ, ਦੋਰਾਹਾ ਵੱਲੋਂ ਮਾਨਯੋਗ ਅਦਾਲਤ ਵਿੱਚ ਰਿਕਵਰੀ ਸੂਟ ਦਾਇਰ ਕੀਤਾ ਜਾਵੇਗਾ। ਇਸ ਉਪਰੰਤ ਨਗਰ ਕੌਂਸਲ, ਦੋਰਾਹਾ ਵੱਲੋਂ ਠੇਕੇ ਦੀ ਰਕਮ ਦੀ ਰਿਕਵਰੀ ਲਈ ਬਾ-ਅਦਾਲਤ ਵਧੀਕ ਡਿਪਟੀ ਕਮਿਸ਼ਨਰ ਅਰਬਨ ਡਿਵੈਲਪਮੈਂਟ, ਲੁਧਿਆਣਾ ਵਿਖੇ ਕੇਸ ਦਾਇਰ ਕੀਤਾ ਸੀ, ਜੋ ਮਾਨਯੋਗ ਅਦਾਲਤ ਵਿੱਚ ਵਿਚਾਰ ਅਧੀਨ ਹੈ। ਠੇਕੇ ਦੇ ਸਮੇਂ ਦੀਆਂ ਕਿਸ਼ਤਾਂ ਨਾ ਭਰਕੇ ਕਮਿਊਨਿਟੀ ਸੈਂਟਰ ਨੂੰ ਪਬਲਿਕ ਲਈ ਇਸਤੇਮਾਲ ਕਰਦੇ ਹੋਏ, ਪਬਲਿਕ ਪਾਸੋਂ ਰਕਮ ਦੀ ਵਸੂਲੀ ਕਰਨ ਉਪਰੰਤ ਵੀ ਨਗਰ ਕੌਂਸਲ ਦੀਆਂ ਕਿਸ਼ਤਾਂ ਨਾ ਭਰਨ ਕਾਰਨ 58,85,742/-ਰੁਪਏ (ਕਿਰਾਇਆ 34.17,804/-ਰੁਪਏ, ਪ੍ਰਾਪਰਟੀ ਟੈਕਸ 4.80,355- ਰੁਪਏ ਬਿਜਲੀ ਬਿੱਲ 2,96,083/- ਰੁਪਏ ਅਤੇ ਸਮਾਨ ਦਾ ਨੁਕਸਾਨ 16,91,500/-ਰੁਪਏ ਦਾ ਵਿੱਤੀ ਨੁਕਸਾਨ ਹੋਣ ਕਰਕੇ ਮੁਕੱਦਮਾ ਦਰਜ ਹੋਇਆ।

## ਬਸਪਾ ਸ਼ਹਿਰ ਯੂਨਿਟ ਨੇ ਬਾਬਾ ਸਾਹਿਬ ਅੰਬੇਡਕਰ ਦੇ ਬੁੱਤਾਂ ਨੂੰ ਅਲਗਵਾਦੀਆ ਵਲੋ ਨਿਸ਼ਾਨਾ ਬਣਾਏ ਜਾਣ ਦੇ ਖਿਲਾਫ ਸੁਰੱਖਿਆ ਲਈ ਡੀਜੀਪੀ ਪੰਜਾਬ ਦੇ ਨਾਂ ਮੰਗ ਪੱਤਰ ਡੀਐਸਪੀ ਬੰਗਾ ਨੂੰ ਦਿੱਤਾ

### ਵਿਦੇਸ਼ ਬੈਠੇ ਪੰਨੂ ਨਾਮ ਦੇ ਬੰਦੇ ਨੂੰ ਭਾਰਤ ਲਿਆ ਕੇ ਉਸਤੇ ਬਣਦੀ ਕਾਰਵਾਈ ਦੀ ਕੀਤੀ ਮੰਗ

**ਬੰਗਾ (ਜਗਦੀਸ਼ ਲਾਲ ਕਲਸੀ)** ਸ਼ੁਕਰਵਾਰ ਨੂੰ ਬਹੁਜਨ ਸਮਾਜ ਪਾਰਟੀ ਸ਼ਹਿਰੀ ਬੰਗਾ ਯੂਨਿਟ ਦੇ ਪ੍ਰਧਾਨ ਹਰਜਿੰਦਰ ਲੱਦੜ ਨੇ ਆਪਣੇ ਸਾਥੀਆਂ ਸਮੇਤ ਪੰਜਾਬ ਦੇ ਡੀਜੀਪੀ ਨੂੰ ਇੱਕ ਮੰਗ ਪੱਤਰ ਡੀਐਸਪੀ ਬੰਗਾ ਰਾਹੀਂ ਭੇਜਿਆ ਜਿਸ ਵਿੱਚ ਉਹਨਾਂ ਮੰਗ ਕੀਤੀ ਕਿ ਪੰਜਾਬ ਵਿੱਚ ਡਾਕਟਰ ਅੰਬੇਡਕਰ ਜੋ ਭਾਰਤ ਦੀ ਸੰਵਿਧਾਨ ਨਿਰਮਾਤਾ ਹਨ ਦੇ ਬੁੱਤਾਂ ਨੂੰ ਸੁਰੱਖਿਤ ਕਰਨ ਦੀ ਮੰਗ ਕੀਤੀ ਗਈ। ਉਹਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੇ ਅਲੱਗਵਾਦੀ ਵਿਚਾਰਕ ਪੰਨੂ ਪੰਜਾਬ ਵਿੱਚ ਫੈਲਾ ਕੇ ਗਲਤ ਅੰਸਰਾਂ ਰਾਹੀਂ ਬਾਬਾ ਸਾਹਿਬ ਦੇ ਲੋਕਾਂ ਦੀ ਬੇਅਦਬੀ ਕਰ ਰਿਹਾ। ਬਹੁਜਨ ਸਮਾਜ ਇਸ ਤਰ੍ਹਾਂ ਦੀ ਘਿਲੋਣੇ ਹਰਕਤਾਂ ਨੂੰ ਬਰਦਾਸ਼ਤ ਨਹੀਂ ਕਰੇਗਾ ਇਸ ਲਈ ਪੰਨੂ ਵਰਗੇ ਅਲੱਗਵਾਦੀ ਵਿਅਕਤੀਆਂ ਨੂੰ ਦੇਸ਼ ਵਿੱਚ ਬੁਲਾ ਕੇ ਉਹਨਾਂ ਉੱਤੇ ਬਣਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਬਹੁਜਨ ਸਮਾਜ ਦੇ ਹਿੱਤਾਂ ਦੀ ਰਾਖੀ ਹੋ ਸਕੇ। ਬੰਦਾ ਤੇ ਡੀਐਸਪੀ ਹਰਜੀਤ ਸਿੰਘ ਰੰਧਾਵਾ ਨੇ ਭੋਜਨ ਸਮਾਜ ਪਾਰਟੀ ਬੰਗਾ ਸ਼ਹਿਰ ਦੇ ਪ੍ਰਧਾਨ ਹਰਜਿੰਦਰ ਲੱਦੜ ਅਤੇ ਉਹਨਾਂ ਦੇ ਸਾਥੀਆਂ ਕੋਲੋਂ ਮੰਗ ਪੱਤਰ ਹਾਸਿਲ ਕਰਕੇ ਉਹਨਾਂ ਨੂੰ ਭਰੋਸਾ ਦਵਾਇਆ ਕਿ ਮੰਗ ਪੱਤਰ ਡੀਜੀਪੀ ਪੰਜਾਬ ਤੱਕ ਪਹੁੰਚਾਇਆ ਜਾਵੇਗਾ ਅਤੇ ਉਹ ਪਰਸਨਲ ਤੌਰ ਤੇ ਵੀ ਬਾਬਾ ਸਾਹਿਬ ਅੰਬੇਡਕਰ ਦੇ ਇਲਾਕੇ ਵਿੱਚ ਲੱਗੇ ਬੁੱਤਾਂ ਦੀ ਰਾਖੀ ਲਈ ਉਚਿਤ ਕਦਮ ਉਠਾਣਗੇ।ਮੰਗ ਪੱਤਰ ਦੇਣ ਵਾਲਿਆ ਵਿੱਚ ਜਗਦੀਸ਼ ਲਾਲ ਮੁਹੱਲਾ ਸਿੱਧ,ਜਿਲਾ ਉਪ ਪ੍ਰਧਾਨ ਬੀਬੀ ਰਵਿੰਦਰ ਕੌਰ ਮਹਿਮੀ, ਤਿਲਕ ਰਾਜ, ਪਰਮਜੀਤ ਮਹਿਰਮ ਪੁਰ, ਵਿਜੈ ਗੁਣਾਚੌਰ, ਪ੍ਰਦੀਪ ਖਾਮਾਂਚੋ, ਵਿਜੈ ਮਜਾਰੀ, ਤੀਰਥ ਭਰੋਮਜਾਰਾ, ਮਜੂਦ ਰਹੇ।

## ਮੰਦਿਰ ਐਕਟ ਬਣਾਉਣ ਲਈ ਹਿੰਦੂ ਸਮਾਜ ਨੇ ਦਿੱਤਾ ਮੰਗ ਪੱਤਰ



**ਫਿਰੋਜ਼ਪੁਰ - (ਮਨੋਹਰ ਲਾਲ)** - ਮੰਦਿਰ ਐਕਟ ਬਣਾਉਣ ਅਤੇ ਹਿੰਦੂ ਸਮਾਜ ਦੀਆਂ ਮੰਗਾਂ ਸਬੰਧੀ ਹਿੰਦੂ ਵੈਲਫੇਅਰ ਬੋਰਡ ਨੇ ਉੱਚ ਅਧਿਕਾਰੀਆਂ ਨੂੰ ਦਿੱਤਾ ਮੰਗ ਪੱਤਰ। ਇਸ ਸਬੰਧੀ ਗੱਲਬਾਤ ਕਰਦਿਆਂ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਦਾ ਘੱਟ ਗਿਣਤੀ ਹਿੰਦੂ ਸਮਾਜ ਪਿਛਲੇ ਲੰਬੇ ਸਮੇਂ ਤੋਂ ਆਪਣੇ ਮੱਠ, ਮੰਦਿਰ, ਡੇਰੇ, ਆਸ਼ਰਮ ਆਦਿ ਧਰਮ ਸਥਾਨਾਂ ਲਈ ਕਾਨੂੰਨ ਮੁਤਾਬਿਕ ਦੇਵਾਲੇਯਾ ਦੇਵਸਥਾਨ ਪ੍ਰਬੰਧਕ ਐਕਟ (ਮੰਦਿਰ ਐਕਟ) ਦੀ ਮੰਗ ਕਰ ਰਿਹਾ ਹੈ, ਜਿਸ ਨੂੰ ਅਸੀਂ ਹਿੰਦੂ ਵੈਲਫੇਅਰ ਬੋਰਡ ਵੱਲੋਂ ਕਈ ਵਾਰ ਅਲੱਗ—ਅਲੱਗ ਮੌਕਿਆਂ ਤੇ ਉਠਾਉਂਦੇ ਰਹੇ ਹਾਂ। ਇਸ ਮੌਕੇ ਸ੍ਰੀ ਪਵਨ ਬਜਾਜ, ਰਾਕੇਸ਼ ਕੁਮਾਰ ਸ਼ਰਮਾ, ਪੰਡਿਤ ਹਰੀ ਰਾਮ, ਸੁਦੇਸ਼ ਕੁਮਾਰ ਸ਼ਰਮਾ, ਮਹੰਤ ਅਸ਼ੋਕ ਜੀ, ਮਹੰਤ ਕੁਲਦੀਪ ਸ਼ਰਮਾ, ਰਾਜ ਕੁਮਾਰ ਬੰਟੀ, ਕਸਤੂਰੀ ਲਾਲ, ਰਾਜੇਸ਼ ਕੁਮਾਰ ਆਦਿ ਹਾਜ਼ਰ ਸਨ।

## ਜਹਾਜ਼ ਹਾਦਸੇ ਦੀ ਘਟਨਾ ਬਹੁਤ ਦੁਖਦਾਈ : ਸਾਗਰ ਮੁਨੀ ਸ਼ਾਸਤਰੀ



**ਅੰਮ੍ਰਿਤਸਰ** - ਅਹਿਮਦਾਬਾਦ ਵਿੱਚ ਵਾਪਰੀ ਦੁਖਦਾਈ ਜਹਾਜ਼ ਹਾਦਸੇ ਦੀ ਘਟਨਾ ਮਨ ਨੂੰ ਝੰਜੋੜਨ ਵਾਲੀ ਹੈ। ਅਜਿਹੀਆਂ ਘਟਨਾਵਾਂ ਅਸਹਿਣਯੋਗ ਹਨ। ਚੌਕ ਪਾਸੀਆ ਵਿਖੇ ਸਥਿਤ ਅਧਿਆਤਮਿਕ ਕੇਂਦਰ ਸ਼੍ਰੀ ਜੈ ਕ੍ਰਿਸ਼ਨਿਆ ਦੇ ਪ੍ਰਾਚੀਨ ਮੰਦਰ ਵਿੱਚ ਮ੍ਰਿਤਕਾਂ ਲਈ ਇੱਕ ਸ਼ੋਕ ਸਭਾ ਕੀਤੀ ਗਈ। ਜਿਸ ਵਿੱਚ ਮੰਦਰ ਦੇ ਮੁਖੀ ਦਰਸ਼ਨਚਾਰੀਆ ਸਾਗਰ ਮੁਨੀ ਸ਼ਾਸਤਰੀ ਜੀ ਨੇ ਇਸ ਦੁਖਦਾਈ ਘਟਨਾ 'ਤੇ ਸੰਵੇਦਨਾ ਪ੍ਰਗਟ ਕਰਦਿਆਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਅਸੀਂ ਸਾਰੇ ਅਤੇ ਪੂਰਾ ਦੇਸ਼ ਮ੍ਰਿਤਕਾਂ ਦੇ ਪਰਿਵਾਰਾਂ ਦੇ ਨਾਲ ਹਾਂ। ਪਰਮਾਤਮਾ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਦੁੱਖ ਨੂੰ ਸਹਿਣ ਦੀ ਤਾਕਤ ਦੇਵੇ। ਧਰਮ ਗ੍ਰੰਥਾਂ ਵਿੱਚ ਮੌਤ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ ਅਤੇ ਮਨੁੱਖ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਗੱਲ ਦਾ ਕੋਈ ਗਿਆਨ ਨਹੀਂ ਹੁੰਦਾ ਕਿ ਕਿਹੜਾ ਸਾਹ ਆਖਰੀ ਹੋਵੇਗਾ। ਇਹ ਮੇਰੀ ਪਰਮਾਤਮਾ ਅੱਗੇ ਪ੍ਰਾਰਥਨਾ ਹੈ ਕਿ ਉਹ ਸਾਰਿਆਂ ਦੀ ਰੱਖਿਆ ਕਰੇ। ਇਸ ਤੋਂ ਬਾਅਦ, ਸ਼੍ਰੀ ਸ਼ਾਸਤਰੀ ਜੀ ਨੇ ਸ਼੍ਰੀਮਦ ਭਾਗਵਤ ਗੀਤਾ ਦਾ ਪਾਠ ਕੀਤਾ ਅਤੇ ਮ੍ਰਿਤਕਾਂ ਨੂੰ ਭਾਵੁਕ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੀਆਂ ਆਤਮਾਵਾਂ ਲਈ ਮੌਨ ਧਾਰਨ ਕੀਤਾ ਗਿਆ। ਇਸ ਮੀਟਿੰਗ ਵਿੱਚ ਪੂਨਮ ਕੰਸਾਰਾ, ਸੋਨਮ ਟੰਡਨ, ਮਮਤਾ ਸ਼ਿੰਗਾਰੀ, ਦੀਕਸ਼ਾ ਸ਼ਿੰਗਾਰੀ, ਚਾਹਤ ਸ਼ਿੰਗਾਰੀ, ਪੂਜਾ ਸਰੀਨ, ਗੌਤਮ ਸਰੀਨ, ਕੀਮਤੀ ਲਾਲ ਗੁਲਾਟੀ ਆਦਿ ਸ਼ਰਧਾਲੂ ਹਾਜ਼ਰ ਸਨ।

## ਅਹਿਮਦਾਬਾਦ ਹਾਦਸਾ ਗ੍ਰਸਤ ਜਹਾਜ਼ ਵਿਚ ਮਰੇ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ - ਭਗਵਾਨ ਸਿੰਘ ਦੜਿਆਲਾ ਕੌਮੀ ਚੈਅਰਮੈਨ



**ਫਿਰੋਜ਼ਪੁਰ - (ਮਨੋਹਰ ਲਾਲ)** :— ਅਹਿਮਦਾਬਾਦ ਵਿਚ ਹੋਏ ਹਾਦਸਾ ਗ੍ਰਸਤ ਜਹਾਜ਼ ਨਾਲ ਦੁਰਘਟਨਾਂ ਨੇ ਸਾਰੀ ਦੁਨੀਆਂ ਹਿਲਾ ਕੇ ਰੱਖ ਦਿੱਤੀ, ਬਹੁਤ ਹੀ ਹੈਰਾਨੀਜਨਕ ਅਤੇ ਦੁਖਦਾਈ ਖ਼ਬਰ ਨਾਲ ਪੂਰੀ ਦੁਨੀਆ ਦੀਆਂ ਨਿਗਾ ਉਸ ਅਣਹੋਣੀ ਵੱਲ ਹੋ ਗਈਆਂ ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਭਗਵਾਨ ਸਿੰਘ ਦੜਿਆਲਾ ਕੌਮੀ ਚੈਅਰਮੈਨ ਸ: ਜੱਸਾ ਸਿੰਘ ਰਾਮਗੜ੍ਹੀਆ ਵੈਲ ਫੁਸਾ ਰਜਿ ਪੰਜਾਬ ਭਾਰਤ ਨੇ ਕਿਹਾ ਇਸ ਹਾਦਸੇ ਵਿਚ ਜਿੰਨੇ ਵੀ ਵਿਅਕਤੀ ਅਨਿਆਈ ਮੌਤ ਦਾ ਸ਼ਿਕਾਰ ਹੋਏ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ਼ਰਧਾਂਜਲੀ ਭੇਂਟ ਕਰਦੇ ਹਾਂ। ਪ੍ਰਮਾਤਮਾ ਦੇ ਚਰਨਾਂ ਚ ਅਰਦਾਸ ਕਰਦੇ ਹਾਂ ਕਿ ਇਨ੍ਹਾਂ ਰੂਹਾਂ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ਣ ਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਆਗੂਆਂ ਨੇ ਕਿਹਾ ਇਹ ਹਾਦਸਾ ਬਹੁਤ ਵੱਡਾ ਵਾਪਰਿਆ ਜਿਸ ਵਿਚ ਵਿਦੇਸ਼ੀ ਨਾਗਰਿਕ ਅਤੇ ਭਾਰਤੀ ਮੂਲ ਦੇ ਨਾਗਰਿਕ ਸਵਾਰ ਸਨ ਕਿਸੇ ਨੂੰ ਵੀ ਸੰਭਲਣ ਦਾ ਮੌਕਾ ਨਹੀਂ ਮਿਲਿਆ ਚੰਦ ਮਿੰਟਾਂ ਵਿੱਚ ਸਭ ਕੁੱਝ ਤਹਿਸ ਨਹਿਸ ਹੋ ਗਿਆ ਇਕ ਵਿਅਕਤੀ ਬਚਣ ਵਿਚ ਸਫ਼ਲ ਹੋਇਆ ਇਹ ਹਾਦਸਾ ਕਈ ਸਵਾਲ ਖੜ੍ਹੇ ਕਰ ਗਿਆ ਇਸ ਦੀ ਜਾਂਚ ਤੋਂ ਬਾਅਦ ਵਿੱਚ ਪਤਾ ਲੱਗੇਗਾ ਇਹ ਹਾਦਸਾ ਕਿਸੇ ਅਣਗਿਹਲੀ ਕਾਰਨ ਵਾਪਰਿਆ ਜਾ ਇਸ ਦਾ ਕੋਈ ਹੋਰ ਕਾਰਨ ਰਿਹਾ ਜਹਾਜ਼ ਦੇ ਦੋਵੇਂ ਇੰਜਣ ਇਕ ਦਮ ਫੈਲ ਹੋ ਜਾਣੇ ਸਮਝ ਤੋਂ ਬਾਹਰ ਇਸ ਮੌਕੇ ਮਨਜੀਤ ਸਿੰਘ ਔਲਖ, ਭੁਪਿੰਦਰ ਸਿੰਘ ਪੰਪਾ ਵਾਲੇ, ਹਰਨੇਕ ਸਿੰਘ ਮਠਾੜੂ, ਹਰਭਜਨ ਸਿੰਘ ਦੜਿਆਲਾ, ਨਿਰਵੈਰ ਸਿੰਘ ਸਿੱਧੀ, ਸ਼ਮਸ਼ੇਰ ਸਿੰਘ ਕਲਸੀ, ਸਰਬਜੀਤ ਸਿੰਘ ਲਾਡੀ, ਸੁਖਮਿੰਦਰ ਸਿੰਘ ਲਾਡੂ, ਸੁਖਚੈਨ ਸਿੰਘ ਖਾਲਸਾ, ਅੰਗਰੇਜ਼ ਸਿੰਘ ਫੌਜੀ, ਜਸਵੀਰ ਸਿੰਘ ਕਲਸੀ, ਜਸਵਿੰਦਰ ਸਿੰਘ ਹੈਡਰੇ ਵਾਲੇ, ਪ੍ਰਦੀਪ ਸਿੰਘ ਭੁੱਲਰ, ਸੁਰਜੀਤ ਸਿੰਘ ਸੱਗੂ, ਕਰਮਜੀਤ ਸਿੰਘ ਸਰਾ, ਹਰਜਿੰਦਰ ਸਿੰਘ ਗਾਬੜੀਆ, ਹਰਦੇਵ ਸਿੰਘ ਦੇਬੀ ਸਰਾ, ਬਾਜ ਸਿੰਘ ਕਲਸੀ ਇਸ ਦੁਰਘਟਨਾ ਤੇ ਉਪਰੋਕਤ ਆਗੂਆਂ ਨੇ ਆਪਣਾ ਅਫਸੋਸ ਜ਼ਾਹਰ

## ਉਰਦੂ ਭਾਸ਼ਾ ਦੀ ਸਿਖਲਾਈ 1 ਜੁਲਾਈ ਤੋਂ, ਛੇ ਮਹੀਨੇ ਦਾ ਹੋਵੇਗਾ ਕੋਰਸ

**ਬੰਗਾ/ਸ਼ਹੀਦ ਭਗਤ ਸਿੰਘ ਨਗਰ - ਜਗਦੀਸ਼ ਲਾਲ ਕਲਸੀ**

ਜ਼ਿਲਾ ਭਾਸ਼ਾ ਦਫ਼ਤਰ ਵਲੋਂ ਉਰਦੂ ਭਾਸ਼ਾ ਦੀ ਸਿਖਲਾਈ ਲਈ ਕੋਰਸ ਆਉਂਦੀ 01 ਜੁਲਾਈ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਜ਼ਿਲਾ ਭਾਸ਼ਾ ਦਫ਼ਤਰ ਵੱਲੋਂ ਸ਼ੁਰੂ ਕੀਤਾ ਜਾ ਰਿਹਾ ਇਹ ਕੋਰਸ ਛੇ ਮਹੀਨੇ ਹੋਵੇਗਾ ਜਿਸ ਦੀ ਕਲਾਸ ਰੋਜ਼ਾਨਾ ਇੱਕ ਘੰਟੇ ਦੀ ਹੋਵੇਗੀ। ਦਫ਼ਤਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਕੋਰਸ ਦੀ ਫ਼ੀਸ 500 ਰੁਪਏ ਹੋਵੇਗੀ ਜਿਸ ਵਿੱਚ ਕਿਸੇ ਵੀ ਉਮਰ ਦੇ ਚਾਹਵਾਨ ਉਮੀਦਵਾਰ ਦਾਖਲਾ ਲੈ ਸਕਦੇ ਹਨ। ਇਸ ਕੋਰਸ ਲਈ ਭਾਸ਼ਾ ਵਿਭਾਗ ਦੇ ਦਫ਼ਤਰ ਕਮਰਾ ਨੰ 24, ਪਹਿਲੀ ਮੰਜ਼ਿਲ, ਐੱਸ.ਡੀ.ਐੱਮ. ਦਫ਼ਤਰ, ਨਵਾਂਸ਼ਹਿਰ ਜਾਂ ਕਮਰਾ ਨੰ. 221 ਕੇ.ਸੀ. ਟਾਵਰ ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਫ਼ਾਰਮ ਭਰ ਕੇ ਦਾਖ਼ਲਾ ਲਿਆ ਜਾ ਸਕਦਾ

## ਦੀ ਫਿਰੋਜ਼ਪੁਰ ਕੈਂਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ ਫਿਰੋਜ਼ਪੁਰ



**ਫਿਰੋਜ਼ਪੁਰ - (ਮਨੋਹਰ ਲਾਲ)** :— ਦੀ ਫਿ?ਰੋਜ਼ਪੁਰ ਕੈਂਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ ਫਿ?ਰੋਜ਼ਪੁਰ ਵਿਖੇ ਨਾਬਾਰਡ ਵੱਲੋਂ ਅੰਤਰਰਾਸ਼ਟਰੀ ਸਰਕਾਰੀ ਸਲਾਨਾ ਕੈਂਪ ਲਗਾਇਆ ਗਿਆ, ਜਿਸ ਦੀ ਅਗਵਾਈ ਨਾਬਾਰਡ ਦੇ ਜਿ?ਲ੍ਹਾ ਮੈਨੇਜਰ ਸ੍ਰੀ ਰੋਹਿਤ ਕਸ਼ਪ ਨੇ ਕੀਤੀ। ਇਸ ਕੈਂਪ ਵਿਚ ਵੱਖ—ਵੱਖ ਕੋਆਪਰੇਟਿਵ ਅਦਾਰਿਆਂ ਦੇ ਅਫਸਰਾਂ, ਕਰਮਚਾਰੀਆਂ, ਬੈਂਕ ਦੇ ਅਧਿਕਾਰੀਆਂ, ਕਿਸਾਨਾਂ, ਸੁਸਾਇਟੀ ਦੇ ਸੈਕਟਰੀਆਂ, ਕਿਸਾਨਾਂ ਨੇ ਭਾਗ ਲਿਆ। ਕੈਂਪ ਵਿਚ ਸ੍ਰੀ ਰੋਹਿਤ ਕਸ਼ਪ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਹਿਕਾਰਤਾ ਵਿਭਾਗ ਨੂੰ ਨਾਬਾਰਡ ਦੇ ਸਹਿਯੋਗ ਨਾਲ ਬੈਂਕ ਰਾਹੀਂ ਕਿਸਾਨਾਂ ਨੂੰ ਘੱਟ ਵਿਆਜ ਤੇ ਕਰਜੇ, ਬੀਜ, ਖਾਦ, ਨੈਟਵਰਕਿੰਗ ਬੀਮਾ ਆਦਿ ਵਰਗੀਆਂ ਸਹੂਲਤਾਂ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਨਾਬਾਰਡ ਨਾਲ ਮਹਿਲਾਵਾਂ ਅਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਜੁੜ ਕੇ ਫਾਇਦਾ ਲੈਣਾ ਚਾਹੀਦਾ ਹੈ। ਇਸ ਮੌਕੇ ਤੇ ਵੱਖ—ਵੱਖ ਅਦਾਰਿਆਂ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬਲਜੀਤ ਸਿੰਘ ਜਿ?ਲ੍ਹਾ ਮੈਨੇਜਰ ਪੀ.ਏ.ਡੀ.ਬੀਜ਼ ਫਿ?ਰੋਜ਼ਪੁਰ, ਵੇਦ ਪ੍ਰਕਾਸ਼ ਮੈਨੇਜਰ ਪੀ.ਏ.ਡੀ.ਬੀ ਫਿ?ਰੋਜ਼ਪੁਰ, ਜਗਦੀਸ਼ ਸਿੰਘ ਇੰਸਪੈਕਟਰ ਸਹਿਕਾਰੀ ਸਭਾਵਾਂ, ਬਲਵੀਰ ਸਿੰਘ ਚੇਅਰਮੈਨ ਪੀ.ਏ.ਡੀ.ਬੀ ਫਿਰੋਜ਼ਪੁਰ ਆਦਿ ਨੇ ਇਕੱਠ ਵਿਚ ਹਿੱਸਾ ਲਿਆ।

## ਅਧਿਕਾਰ ਸੰਘਰਸ਼ ਪਾਰਟੀ ਦੇ ਕੌਮੀ ਪ੍ਰਧਾਨ ਇੰਜੀ: ਸੇਰਗਿੱਲ ਨੇ ਜਹਾਜ ਕਰੈਸ ਘਟਨਾ 'ਚ ਮਰਨ ਵਾਲਿਆ ਦੇ ਪ੍ਰੀਵਾਰਿਕ ਮੈਂਬਰਾ ਨਾਲ ਹਮਦਰਦੀ ਪ੍ਰਗਟਾਈ



**ਸ੍ਰੀ ਅੰਮ੍ਰਿਤਸਰ ਸਾਹਿਬ** - ਅਧਿਕਾਰ ਸ਼ੰਘਰਸ਼ ਪਾਰਟੀ ਵੱਲੋਂ ਪ੍ਰੈਸ ਨੋਟ ਜਾਰੀ ਕਰਦਿਆ ਕਿਹਾ ਕਿ ਐਹਮਦਾਬਾਦ ਵਿੱਚ ਏਅਰ ਇੰਡੀਆ ਦੇ ਜਹਾਜ ਕਰੈਸ ਦੀ ਘਟਨਾ ਅਤਿ ਦੁੱਖਦਾਈ ਹੈ ਹਾਦਸੇ ਵਿੱਚ ਮਰਨ ਵਾਲਿਆ ਦੇ ਪਰਿਵਾਰਕ ਮੈਂਬਰਾਂ ਪ੍ਰਤੀ ਸਾਡੀ ਪੂਰੀ ਹਮਦਰਦੀ ਹੈ। ਅਸੀਂ ਆਮ ਲੋਕਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਇਸ ਘਟਨਾ ਤੇ ਕਿੰਤੂ ਪ੍ਰੰਤੂ ਨਾ ਕਰਨ।ਪਾਰਟੀ ਦੇ ਕੌਮੀ ਪ੍ਰਧਾਨ ਇੰਜੀ: ਸ਼ੇਰਗਿੱਲ ਨੇ ਕਿਹਾ ਕਿ ਸਰਕਾਰ ਇਸ ਦੁੱਖਦਾਈ ਘਟਨਾ ਦੀ ਬਰੀਕੀ ਨਾਲ ਜਾਂਚ ਕਰਵਾਏ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੇ ਹਾਦਸੇ ਨਾ ਵਾਪਰਨ।

## 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਕਾਊਂਸਲਿੰਗ ਸੈਸ਼ਨ ਕਰਵਾਇਆ



**ਜਲੰਧਰ** - ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸੱਤਿਅਮ ਕਾਲਜ ਸਕਿੱਲ ਸੈਂਟਰ, ਲੋਹੀਆਂ ਖਾਸ ਵਿਖੇ ਕਾਊਂਸਲਿੰਗ ਸੈਸ਼ਨ ਕਰਵਾਇਆ ਗਿਆ। ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖ਼ਲਾਈ ਬਿਊਰੋ ਦੇ ਡਿਪਟੀ ਡਾਇਰੈਕਟਰ ਨੀਲਮ ਮਹੇ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਕਰਵਾਏ ਗਏ ਇਸ ਸੈਸ਼ਨ ਵਿੱਚ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਤੋਂ ਕੈਰੀਅਰ ਕਾਊਂਸਲਰ ਭਾਰਤੀ ਸ਼ਰਮਾ ਅਤੇ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ, ਜਲੰਧਰ ਤੋਂ ਬੀ.ਟੀ.ਐਮ. ਮਨਦੀਪ ਕੌਰ ਨੇ ਬਤੌਰ ਸਪੀਕਰ ਭਾਗ ਲਿਆ। ਉਨ੍ਹਾਂ ਕਿਹਾ ਕਿ ਇਸ ਸੈਸ਼ਨ ਦਾ ਉਦੇਸ਼ ਮੌਜੂਦਾ ਨੌਕਰੀ ਬਾਜ਼ਾਰ ਵਿੱਚ ਹੁਨਰਮੰਦ ਕਰਮਚਾਰੀਆਂ ਦੀ ਮਹੱਤਤਾ ਅਤੇ ਵਧਦੀ ਮੰਗ ਬਾਰੇ ਭਾਗੀਦਾਰਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਸੀ। ਮਹਿਲਾ ਸਸ਼ਕਤੀਕਰਨ 'ਤੇ ਜ਼ੋਰ ਦਿੰਦਿਆਂ ਔਰਤਾਂ ਨੂੰ ਸਵੈ-ਰੋਜ਼ਗਾਰ ਅਤੇ ਉੱਦਮਤਾ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਭਾਗੀਦਾਰਾਂ ਨੂੰ ਹੁਨਰ ਵਿਕਾਸ ਦੇ ਮੌਕਿਆਂ ਦੀ ਪੜਚੋਲ ਕਰਨ ਅਤੇ ਇਸ ਨੂੰ ਆਪਣੇ ਭਵਿੱਖ ਦੀ ਯੋਜਨਾਬੰਦੀ ਦੇ ਹਿੱਸੇ ਵਜੋਂ ਵਿਚਾਰਣ ਲਈ ਉਤਸ਼ਾਹਿਤ ਕੀਤਾ ਗਿਆ, ਜੋ ਕਿ ਔਰਤਾਂ ਦੇ ਸਸ਼ਕਤੀਕਰਨ ਅਤੇ ਆਰਥਿਕ ਸ਼ਮੂਲੀਅਤ ਦੇ ਵਿਆਪਕ ਟੀਚਿਆਂ ਦੀ ਪ੍ਰਾਪਤੀ ਲਈ ਅਤਿ ਜ਼ਰੂਰੀ ਹੈ।

# ਆਮ ਆਦਮੀ ਪਾਰਟੀ ਨੇ ਮੁਫਤ ਬਿਜਲੀ ਤਾਂ ਕਿ ਦੇਣੀ ਸੀ ਪੰਜਾਬ ਨੂੰ ਬਿਜਲੀ ਤੋਂ ਹੀ ਵਾਂਝਾ ਕਰ ਦਿੱਤਾ: ਐਨ.ਕੇ.ਸ਼ਰਮਾ

### ਐਨ.ਕੇ. ਸ਼ਰਮਾ ਨੇ ਜ਼ੀਰਕਪੁਰ ਵਿੱਚ ਵਾਰ-ਵਾਰ ਬਿਜਲੀ ਕੱਟਾਂ ਵਿਰੁੱਧ ਕੀਤਾ ਰੋਸ ਪ੍ਰਦਰਸ਼ਨ

**ਜ਼ੀਰਕਪੁਰ - ( ਅਸ਼ੋਕ ਜੋਸ਼ੀ )-**

ਸ਼ੁੱਕਰਵਾਰ ਨੂੰ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਸਥਾਨਕ ਨਿਵਾਸੀਆਂ ਨਾਲ ਮਿਲ ਕੇ ਜ਼ੀਰਕਪੁਰ ਦੇ ਰਾਮਗੜ੍ਹ ਭੁੱਡਾ ਗਰਿੱਡ ਵਿੱਚ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਲਗਾਤਾਰ ਲਗਾਏ ਜਾ ਰਹੇ ਬਿਜਲੀ ਕੱਟਾਂ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ, ਜਿਸ ਕਾਰਨ ਵਸਨੀਕਾਂ ਵਿੱਚ ਅਸੁਵਿਧਾ ਅਤੇ ਨਿਰਾਸ਼ਾ ਦਾ ਆਲਮ ਹੈ। ਐਨ.ਕੇ.ਸ਼ਰਮਾ ਨੇ ਲੋਕਾਂ ਨੂੰ ਮੁਫ਼ਤ ਬਿਜਲੀ ਪ੍ਰਦਾਨ ਕਰਨ ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ 'ਤੇ ਆਮ ਆਦਮੀ ਪਾਰਟੀ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਗਰਿੱਡਾਂ ਨੂੰ ਅਪਗ੍ਰੇਡ ਨਾ ਕਰਕੇ, ਭਰਤੀ ਨੂੰ ਨਜ਼ਰਅੰਦਾਜ਼ ਕਰਕੇ ਅਤੇ ਕਰਮਚਾਰੀਆਂ ਨੂੰ ਸਿਸਟਮ 'ਤੇ ਨਿਰਭਰ ਬਣਾ ਕੇ ਬਿਜਲੀ ਪ੍ਰਣਾਲੀ ਨੂੰ ਬਰਬਾਦ ਕਰ ਦਿੱਤਾ ਹੈ। ਜ਼ੀਰਕਪੁਰ ਦੇ ਵਸਨੀਕ ਨਿੱਤ ਲਗਦੇ ਅਣਐਲਾਨੇ ਬਿਜਲੀ ਕੱਟਾਂ ਤੋਂ ਪੀੜਤ ਹਨ, ਜਿਸ ਨਾਲ ਲੋਕਾਂ ਦਾ ਰੋਜ਼ਾਨਾ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਦੇ ਨਾਲ ਸਥਾਨਕ ਲੋਕਾਂ ਅਤੇ ਕੌਂਸਲਰਾਂ ਵੱਲੋਂ ਕੀਤੇ ਗਏ ਇੱਕ ਵਿਰੋਧ ਪ੍ਰਦਰਸ਼ਨ ਵਿੱਚ ਸਰਕਾਰ ਤੋਂ ਇਸ ਮੁੱਦੇ ਨੂੰ ਹੱਲ ਕਰਨ ਲਈ ਤੁਰੰਤ ਕਾਰਵਾਈ ਦੀ ਮੰਗ ਕੀਤੀ ਗਈ। ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਮੁਫ਼ਤ ਬਿਜਲੀ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸਰਕਾਰ ਬਿਜਲੀ ਕੱਟਣ ਵਾਲੀ ਸਰਕਾਰ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਜਦੋਂ ਤੋਂ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਹੈ,



ਜ਼ੀਰਕਪੁਰ ਦੇ ਵੱਖ-ਵੱਖ ਇਲਾਕਿਆਂ ਵਿੱਚ ਦੋ ਤੋਂ ਤਿੰਨ ਘੰਟੇ ਬਿਜਲੀ ਕੱਟ ਲੱਗ ਰਹੇ ਹਨ। ਜਦਕੀ 10 ਸਾਲਾਂ ਦੌਰਾਨ ਜਦੋਂ ਉਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਸਰਕਾਰ ਸੀ, ਕੋਈ ਬਿਜਲੀ ਤੋਂ ਪ੍ਰੇਸ਼ਾਨ ਨਹੀਂ ਹੋਇਆ ਕਿਉਂਕਿ ਸਾਡੀ ਸਰਕਾਰ ਵਿੱਚ, ਅਸੀਂ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ, ਪੰਜਾਬ ਨੂੰ ਬਿਜਲੀ ਸਰਪਲੱਸ ਸੂਬਾ ਬਣਾਇਆ। ਮੈਂ ਖੁਦ ਵਿਧਾਇਕ ਰਹਿੰਦੀਆਂ, ਭਬਾਤ ਗਰਿੱਡ, ਢਕੋਲੀ ਗਰਿੱਡ, ਰਾਮਗੜ੍ਹ ਭੁੱਡਾ ਗਰਿੱਡ ਅਤੇ ਬਲਟਾਣਾ ਗਰਿੱਡ ਲਈ ਜ਼ਮੀਨ ਅਲਾਟ ਕੀਤੀ, ਇਸ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਮੁਫ਼ਤ ਬਿਜਲੀ ਦੇਣ ਦੇ ਝੂਠੇ ਵਾਅਦੇ ਤੋਂ ਇਲਾਵਾ ਕੀ ਕੀਤਾ। ਹੁਣ ਪ੍ਰੇਸ਼ਾਨ ਲੋਕਾਂ ਨੂੰ ਸੜਕਾਂ 'ਤੇ ਉੱਤਰ ਵਿਰੋਧ ਪ੍ਰਦਰਸ਼ਨ ਕਰਨਾ ਪੈ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਇਨਵਰਟਰਾਂ ਅਤੇ ਜਨਰੇਟਰਾਂ ਨੂੰ ਭੁੱਲ ਗਏ ਸਨ, ਪਰ ਹੁਣ ਉਨ੍ਹਾਂ ਨੂੰ ਦੁਬਾਰਾ ਖਰੀਦਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਜੇਕਰ ਇਸ ਗਰਮੀ ਵਿੱਚ ਬਿਜਲੀ ਦਾ ਆਹ ਹੈਲ ਹੈ, ਤਾਂ ਜੁਲਾਈ ਅਤੇ ਅਗਸਤ ਦੀ ਹੁਮਸ ਭਰੀ ਭਿਆਨਕ ਗਰਮੀ ਵਿੱਚ ਕੀ ਹਾਲਾਤ ਹੋਣਗੇ। ਸ਼ਰਮਾ ਨੇ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਡਰਾਉਣ ਲਈ ਪਾਵਰਕਾਮ ਰਾਹੀਂ ਪਿੰਡਾਂ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਇਸ ਮੁੱਦੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ 16 ਜੂਨ ਸੋਮਵਾਰ ਸਵੇਰੇ 10 ਵਜੇ ਐਕਸੀਅਨ ਦਫ਼ਤਰ ਜ਼ੀਰਕਪੁਰ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ ਕਰੇਗੀ।